24-JULY-PAGE-1.qxd 7/23/2023 10:17 PM Page 1

ਸੋਮਵਾਰ, 24 ਜੁਲਾਈ, 2023
9 ਸਾਉਣ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 53

ਨਵਾਂ ਜ਼ਮਾਨਾ

DAILY NAWAN ZAMANA • MONDAY, 24 JULY, 2023
ਜਲੰਧਰ
nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

ਭਾਖੜਾ ਡੈਮ ਦੀ ਸਥਿਤੀ ਕੰਟਰੋਲ 'ਚ, ਅਫਵਾਹਾਂ ਤੋਂ ਬਚੋ : ਮਾਨ

ਨੰਗਲ (ਸੁਰਜੀਤ ਢੇਰ)

ਭਾਖੜਾ ਡੈਮ ਵਿੱਚ ਸਥਿਤੀ ਪੂਰੀ ਤਰ੍ਹਾਂ ਕੰਟਰੋਲ ਹੈ। ਡੈਮ ਵਿੱਚ 1680 ਫੁੱਟ ਤੱਕ ਪਾਣੀ ਇਕੱਠਾ ਕਰਨ ਦੀ ਸਮਰਥਾ ਹੈ ਤੇ ਐਤਵਾਰ ਸਵੇਰ ਸਮੇਂ 1653 ਦੇ ਕਰੀਬ ਪਾਣੀ ਦਾ ਪੱਧਰ ਦਰਜ ਕੀਤਾ ਗਿਆ। ਲੋਕਾਂ ਨੂੰ ਅਫਵਾਹਾਂ ਤੋਂ ਬਚਣ ਦੀ ਲੋੜ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਨੰਗਲ ਬੀ ਬੀ ਐੱਮ ਬੀ ਸਤਲੁਜ ਵਿੱਚ ਪ੍ਰੈੱਸ ਵਾਰਤਾ ਦੌਰਾਨ ਕੀਤਾ। ਉਨ੍ਹਾ ਨਾਲ ਮੰਤਰੀ ਹਰਜੋਤ ਸਿੰਘ ਬੈਂਸ, ਸੈਕਟਰੀ ਇਰੀਗੇਸ਼ਨ ਕ੍ਰਿਸ਼ਨ ਕੁਮਾਰ, ਡੀ ਸੀ ਰੂਪਨਗਰ ਪ੍ਰੀਤੀ ਯਾਦਵ ਤੇ ਹੋਰ ਉੱਚ ਅਧਿਕਾਰੀ ਮੌਜੂਦ ਸਨ।

ਮੁੱਖ ਮੰਤਰੀ ਨੇ ਕਿਹਾ—ਮੈਂ ਸਤਲੁਜ, ਬਿਆਸ ਦੇ ਲਾਗਲੇ ਪਿੰਡਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਅੱਜ ਸਾਡੀ ਬੀ ਬੀ ਐੱਮ ਬੀ ਅਧਿਕਾਰੀਆਂ ਨਾਲ ਨੰਗਲ ਡੈਮ ਲਾਗੇ ਬਣੇ ਸਤਲੁਜ ਸਦਨ ਵਿੱਚ ਮੀਟਿੰਗ ਹੋਈ ਹੈ, ਕਿਉਂਕਿ ਪਿਛਲੇ ਲੰਮੇ ਸਮੇਂ ਤੋਂ ਸਤਲੁਜ ਦਰਿਆ ਨੇੜੇ ਵਸੇ ਪਿੰਡਾਂ ਤੋਂ ਹੜ੍ਹਾਂ ਦੀ ਸਥਿਤੀ ਵਾਲੀਆਂ ਖ਼ਬਰਾਂ ਲਗਾਤਾਰ ਸੁਣਨ ਨੂੰ ਮਿਲ ਰਹੀਆਂ ਸਨ। ਚੰਗੀ ਖ਼ਬਰ ਹੈ ਕਿ ਪਹਾੜਾਂ ਵਿੱਚ ਜਾ ਕਿਤੇ ਹੋਰ ਹੁਣ ਭਾਰੀ ਵਰਖਾ ਦੀ ਸੰਭਵਾਨਾ ਨਹੀਂ, ਪਰ ਕੁਦਰਤ ਤੋਂ ਵੱਡਾ ਕੋਈ ਨਹੀਂ। ਡੈਮ ਵਿੱਚ ਹਾਲੇ 27 ਫੁੱਟ ਦੇ ਕਰੀਬ ਮਾਰਜਨ ਹੈ, ਢਾਈ ਲੱਖ ਕਿਊਸਿਕ ਪਾਣੀ ਡੈਮ ਦੇ ਪਿੱਛੇ ਗੋਬਿੰਦ ਸਾਗਰ ਝੀਲ 'ਚ ਹੈ। ਜੇਕਰ ਪਾਣੀ ਆਉਂਦਾ ਵੀ ਹੈ ਤਾਂ ਕੰਟਰੋਲ ਨਾਲ ਹੀ ਛੱਡਿਆ ਜਾਵੇਗਾ ਤਾਂ ਜੋ ਹੜ੍ਹ ਦੀ ਸਥਿਤੀ ਵਾਲਾ ਮਾਹੌਲ ਨਾ ਬਣੇ। ਉਨ੍ਹਾ ਕਿਹਾ ਕਿ ਡੈਮ ਦੇ ਗੇਟ ਖੁੱਲ੍ਹ ਗਏ, ਸਤਲੁਜ 'ਚ ਆਵੇਗੀ ਭਾਰੀ ਤਬਾਹੀ ਵਰਗੀਆਂ ਅਫਵਾਹਾਂ ਬਿਲਕੁਲ ਵੀ ਨਾ ਫੈਲਾਓ, ਕਿਉਂਕਿ ਸਥਿਤੀ ਪੂਰੀ ਕੰਟਰੋਲ ਵਿੱਚ ਹੈ। ਮਾਨ ਨੇ ਕਿਹਾ ਕਿ ਹਾਲੇ ਤੱਕ ਲੋਕਾਂ ਦੇ ਘਰਾਂ ਤੇ ਖ਼ੇਤਾਂ ਵਿੱਚ ਪਾਣੀ ਹੈ। ਸਾਰੇ ਅਧਿਕਾਰੀ, ਵਿਧਾਇਕ, ਮੰਤਰੀ ਆਪਣੀਆਂ ਡਿਊਟੀਆਂ ਤਨਦੇਹੀ ਨਾਲ ਨਿਭਾ ਰਹੇ ਹਨ। ਉਨ੍ਹਾਂ ਵੱਲੋਂ ਲੋਕਾਂ ਨਾਲ ਲਗਾਤਾਰ ਰਾਬਤਾ ਬਣਾਈ ਰੱਖਿਆ ਗਿਆ ਹੈ। ਬੀਤੀਆਂ ਸਰਕਾਰਾਂ ਸਮੇਂ ਸਿੰਚਾਈ ਦੇ ਨਾਂਅ 'ਤੇ ਘਪਲੇ ਹੋਏ ਹਨ। ਸਿੰਚਾਈ ਦਾ ਪੰਜਾਬ ਵਿੱਚ ਬਹੁਤ ਵੱਡਾ ਘਪਲਾ ਹੈ, ਜਿਸ ਦੀ ਜਾਂਚ ਚੱਲ ਰਹੀ ਹੈ। ਜਿਨ੍ਹਾਂ ਕਦੀ ਸਵਾਂ/ ਸੂਏ ਨਹੀਂ ਵੇਖੇ, ਉਹ ਨੁਕਤਾਚੀਨੀ ਕਰਦੇ ਚੰਗੇ ਨਹੀਂ ਲਗਦੇ। ਉਨ੍ਹਾ ਕਿਹਾ ਕਿ ਕੁਦਰਤ ਨਾਲ ਖਿਲਵਾੜ ਨਹੀਂ ਕੀਤਾ ਜਾ ਸਕਦਾ, ਜੇ ਹਿਮਾਚਲ ਵਾਲੇ ਅੱਜ ਦੇ ਸਮੇਂ 'ਚ ਪਾਣੀ ਰੋਕ ਸਕਦੇ ਹਨ ਤਾਂ ਰੋਕ ਕੇ ਵੇਖ ਲੈਣ! ਪਾਣੀ ਨੇ ਆਉਣਾ ਹੀ ਹੈ ਤੇ ਪੰਜਾਬ 'ਚੋਂ ਲੰਘਣਾ ਵੀ ਹੈ। ਅਸੀਂ ਪਾਣੀ ਫਸਲਾਂ ਲਈ ਵਰਤ ਸਕਦੇ ਹਾਂ ਤੇ ਵਰਤਾਂਗੇ ਵੀ। ਉਨ੍ਹਾ ਕਿਹਾ ਕਿ ਸਾਡਾ ਮੁੱਖ ਟੀਚਾ ਹਜ਼ਾਰਾਂ ਕਿਲੋਮੀਟਰ ਹੇਠਾਂ ਭੜੋਲੀਆਂ/ ਪਾਈਪਾਂ ਪਾ ਕੇ ਘਰ-ਘਰ ਨਹਿਰੀ ਪਾਣੀ ਪਹੁੰਚਾਉਣਾ ਹੈ, ਜਿਸ ਨੂੰ ਜਲਦ ਪੂਰਾ ਕੀਤਾ ਜਾਵੇਗਾ। ਹਿਮਾਚਲ ਪ੍ਰਦੇਸ਼ ਤੇ ਹਰਿਆਣਾ ਨਾਲ ਲਗਾਤਾਰ ਰਾਬਤਾ ਬਣਾਈ ਰੱਖਿਆ ਗਿਆ ਹੈ। ਇਸੇ ਕਾਰਨ ਅੱਜ ਭਾਖੜਾ ਡੈਮ ਆਏ ਸੀ ਕਿ ਪਾਣੀ ਇਸ ਤਰੀਕੇ ਨਾਲ ਛੱਡਿਆ ਜਾਵੇ ਕਿ ਫਲੱਡ ਗੇਟ ਖੋਲ੍ਹਣ ਦੀ ਨੌਬਤ ਨਾ ਆਵੇ, ਕਿਉਂਕਿ ਪੰਜਾਬ ਵਿੱਚ ਪਹਿਲਾਂ ਹੀ ਕਾਫੀ ਤਬਾਹੀ ਹੋ ਚੁੱਕੀ ਹੈ।

ਨੰਗਲ ਬਹੁਤ ਜਲਦ ਬਣੇਗਾ ਟੂਰਿਸਟ ਹੱਬ

ਪੰਜਾਬ ਦੇ ਜੋ ਇਲਾਕੇ ਲੋਕਾਂ ਨੇ ਨਹੀਂ ਵੇਖੇ, ਅਸੀਂ ਉਨ੍ਹਾਂ ਨੂੰ ਨਵੀਂ ਦਿੱਖ ਦੇ ਕੇ ਲੋਕਾਂ ਨੂੰ ਵਿਖਾਉਣਾ ਹੈ। ਮੈਨੂੰ ਯਾਦ ਹੈ ਕਿ ਜਦੋਂ ਵਿਧਾਨ ਸਭਾ ਚੋਣਾਂ ਤੋਂ

● ਬਾਕੀ ਸਫ਼ਾ 2 'ਤੇ

ਸਾਤਵਿਕ ਤੇ ਚਿਰਾਗ ਦੀ ਜੋੜੀ ਦਾ ਇੱਕ ਹੋਰ ਕਮਾਲ

ਯੇਓਸੂ (ਕੋਰੀਆ) : ਭਾਰਤ ਦੇ ਸਾਤਵਿਕ ਸਾਈਰਾਜ ਰੰਕੀਰੈਡੀ ਅਤੇ ਚਿਰਾਗ ਸ਼ੈਟੀ ਦੀ ਸਟਾਰ ਜੋੜੀ ਨੇ ਐਤਵਾਰ ਇੱਥੇ ਪੁਰਸ਼ ਡਬਲਜ਼ ਫਾਈਨਲ 'ਚ ਇੰਡੋਨੇਸ਼ੀਆ ਦੇ ਫਜਰ ਅਲਫਿਆਨ ਅਤੇ ਮੁਹੰਮਦ ਰਿਆਨ ਆਰਦਿਆਂਤੋ ਨੂੰ ਹਰਾ ਕੇ ਕੋਰੀਆ ਓਪਨ ਸੁਪਰ 500 ਬੈਡਮਿੰਟਨ ਟੂਰਨਾਮੈਂਟ ਖਿਤਾਬ ਜਿੱਤ ਲਿਆ। ਭਾਰਤੀ ਖਿਡਾਰੀਆਂ ਨੇ ਚੋਟੀ ਦਾ ਦਰਜਾ ਪ੍ਰਾਪਤ ਇੰਡੋਨੇਸ਼ੀਆਈ ਜੋੜੀ ਨੂੰ 17-21, 21-13 ਤੇ 21-14 ਨਾਲ ਹਰਾਇਆ। ਭਾਰਤੀ ਜੋੜੀ ਪਹਿਲੀ ਗੇਮ ਹਾਰ ਗਈ, ਪਰ ਉਸ ਨੇ ਸ਼ਾਨਦਾਰ ਵਾਪਸੀ ਕਰਦਿਆਂ ਖਿਤਾਬ ਆਪਣੀ ਝੋਲੀ ਪਾਇਆ। ਭਾਰਤੀ ਜੋੜੀ ਸਨਿੱਚਰਵਾਰ ਨੂੰ ਚੀਨ ਦੇ ਲਿਆਂਗ ਵੇਈ ਕੇਂਗ ਅਤੇ ਵਾਂਗ ਚਾਂਗ ਦੀ ਵਿਸ਼ਵ ਦੀ ਦੂਜੇ ਨੰਬਰ ਦੀ ਜੋੜੀ 'ਤੇ ਰੁਮਾਂਚਕ ਜਿੱਤ ਦਰਜ ਕਰ ਕੇ ਫਾਈਨਲ 'ਚ ਪੁੱਜੀ ਸੀ। ਸਾਤਵਿਕ ਅਤੇ ਚਿਰਾਗ ਨੇ ਇਸ ਸਾਲ ਇੰਡੋਨੇਸ਼ੀਆ ਸੁਪਰ 1000 ਅਤੇ ਸਵਿਸ ਓਪਨ ਸੁਪਰ 500 ਖਿਤਾਬ ਵੀ ਜਿੱਤੇ ਹਨ।

ਦਿੱਲੀ ਬਾਰੇ ਬਿੱਲ ਰਾਜ ਸਭਾ 'ਚ ਪੇਸ਼ ਕਰਨ ਦਾ ਵਿਰੋਧ

ਨਵੀਂ ਦਿੱਲੀ : ਆਮ ਆਦਮੀ ਪਾਰਟੀ ਨੇ ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ (ਸੋਧ) ਆਰਡੀਨੈਂਸ ਦੀ ਥਾਂ ਲੈਣ ਵਾਲਾ ਬਿੱਲ ਸਰਕਾਰ ਵੱਲੋਂ ਰਾਜ ਸਭਾ ਵਿੱਚ ਪੇਸ਼ ਕਰਨ ਦਾ ਸਖਤ ਵਿਰੋਧ ਕੀਤਾ ਹੈ। ਇਸ ਨੇ ਕਿਹਾ ਕਿ ਰਾਸ਼ਟਰਪਤੀ ਦੁਆਰਾ 19 ਮਈ ਨੂੰ ਜਾਰੀ ਕੀਤਾ ਗਿਆ ਆਰਡੀਨੈਂਸ ਦਿੱਲੀ ਵਿੱਚ ਲੋਕਤੰਤਰੀ ਅਤੇ ਲੋਕਤੰਤਰੀ ਤੌਰ 'ਤੇ ਜਵਾਬਦੇਹ ਸਰਕਾਰ ਦੇ ਮਾਡਲ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰਦਾ ਹੈ। ਕੇਂਦਰ ਦੁਆਰਾ ਪ੍ਰਸਤਾਵਿਤ ਬਿੱਲ ਦਾ ਉਦੇਸ਼ ਆਰਡੀਨੈਂਸ ਦੀਆਂ ਵਿਵਸਥਾਵਾਂ ਨੂੰ ਇੱਕ ਪੂਰੇ ਕਾਨੂੰਨ ਵਿੱਚ ਵਿਸਤਾਰ ਦੇਣਾ ਹੈ।

ਇਸ ਕਦਮ ਦਾ ਵਿਰੋਧ ਕਰਦਿਆਂ 'ਆਪ' ਦੇ ਸੀਨੀਅਰ ਆਗੂ ਅਤੇ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਰਾਜ ਸਭਾ ਦੇ ਚੇਅਰਮੈਨ ਜਗਦੀਪ ਧਨਖੜ ਨੂੰ ਪੱਤਰ ਲਿਖਿਆ ਹੈ।

ਆਪਣੇ ਪੱਤਰ ਵਿੱਚ ਰਾਘਵ ਚੱਢਾ ਨੇ ਕਿਹਾ ਹੈ ਕਿ 11 ਮਈ ਨੂੰ ਸੁਪਰੀਮ ਕੋਰਟ ਦੇ ਇੱਕ ਸੰਵਿਧਾਨਕ ਬੈਂਚ ਨੇ ਸਰਬਸੰਮਤੀ ਨਾਲ ਫੈਸਲਾ ਕੀਤਾ ਕਿ ਇੱਕ ਸੰਵਿਧਾਨਕ ਲੋੜ ਦੇ ਤੌਰ 'ਤੇ ਦਿੱਲੀ ਦੀ ਸਰਕਾਰ ਵਿੱਚ ਸੇਵਾ ਕਰ ਰਹੇ ਸਿਵਲ ਕਰਮਚਾਰੀ ਸਰਕਾਰ ਦੀ ਚੁਣੀ ਹੋਈ ਸ਼ਾਖਾ, ਜਿਵੇਂ ਮੁੱਖ ਮੰਤਰੀ ਦੀ ਅਗਵਾਈ ਵਾਲੇ ਚੁਣੇ ਗਏ ਮੰਤਰੀ ਪ੍ਰੀਸ਼ਦ ਦੇ ਪ੍ਰਤੀ ਜਵਾਬਦੇਹ ਹਨ। ਜਵਾਬਦੇਹੀ ਦੀ ਇਹ ਕੜੀ ਸਰਕਾਰ ਦੇ ਲੋਕਤੰਤਰਿਕ ਅਤੇ ਲੋਕਪ੍ਰਿਆ ਰੂਪ ਦੇ ਅਨੁਸਾਰ ਜਵਾਬਦੇਹੀ ਮਾਡਲ ਲਈ ਅਹਿਮ ਮੰਨੀ ਗਈ ਸੀ।

ਸਾਂਸਦ ਨੇ ਕਿਹਾ ਕਿ ਆਰਡੀਨੈਂਸ ਨੇ ਇੱਕ ਵਾਰ ਵਿੱਚ ਹੀ ਦਿੱਲੀ ਦੀ ਚੁਣੀ ਹੋਈ ਸਰਕਾਰ ਤੋਂ ਇਹ ਨਿਯੰਤਰਣ ਵਾਪਸ ਲੈ ਕੇ ਅਤੇ ਅਣਚੁਣੇ ਐੱਲ ਜੀ ਨੂੰ ਸੌਂਪ ਕੇ ਇਸ ਮਾਡਲ ਨੂੰ ਤੋੜ ਦਿੱਤਾ ਹੈ। ਆਰਡੀਨੈਂਸ ਦਾ ਡਿਜਾਇਨ ਸਪੱਸ਼ਟ ਹੈ, ਯਾਨਿ ਕਿ ਦਿੱਲੀ ਦੀ ਸਰਕਾਰ ਨੂੰ ਸਿਰਫ ਆਪਣੀ ਚੁਣੀ ਹੋਈ ਬਾਂਹ ਤੱਕ ਸੀਮਤ ਕਰਨਾ, ਦਿੱਲੀ ਦੇ ਲੋਕਾਂ ਦੇ ਫਤਵੇ ਦਾ ਆਨੰਦ ਲੈਣਾ, ਪਰ ਉਸ ਫਤਵੇ ਨੂੰ ਪੂਰਾ ਕਰਨ ਲਈ ਜ਼ਰੂਰੀ ਗਵਰਨਿੰਗ ਮਸ਼ੀਨਰੀ ਤੋਂ ਵਾਂਝਾ ਕਰਨਾ। ਇਸ ਨੇ

● ਬਾਕੀ ਸਫ਼ਾ 2 'ਤੇ

ਸੰਸਦ ਦੀ ਕਾਰਵਾਈ 'ਚ ਵਿਘਨ ਨਹੀਂ ਪੈਣਾ ਚਾਹੀਦਾ : ਧਨਖੜ

ਨਵੀਂ ਦਿੱਲੀ : ਉਪ ਰਾਸ਼ਟਰਪਤੀ ਜਗਦੀਪ ਧਨਖੜ ਨੇ ਐਤਵਾਰ ਕਿਹਾ ਕਿ ਲੋਕਤੰਤਰ ਦੇ ਮੰਦਰ (ਸੰਸਦ) 'ਚ ਵਿਘਨ ਦੀ ਕਾਰਵਾਈ ਨੂੰ ਸਿਆਸੀ ਰਣਨੀਤੀ ਦੇ ਹਥਿਆਰ ਵਜੋਂ ਨਾ ਵਰਤਿਆ ਜਾਵੇ। ਇੱਥੇ ਜਾਮੀਆ ਮਿਲੀਆ ਇਸਲਾਮੀਆ 'ਚ ਕਨਵੋਕੇਸ਼ਨ ਨੂੰ ਸੰਬੋਧਨ ਕਰਦਿਆਂ ਉਨ੍ਹਾ ਕਿਹਾ ਕਿ ਸਿੱਖਿਆ ਸਮਾਜ ਦੇ ਵਿਕਾਸ ਲਈ ਮਹੱਤਵਪੂਰਨ ਹੈ। ਉਨ੍ਹਾ ਨੌਜਵਾਨਾਂ ਨੂੰ ਖੁਦ ਨੂੰ ਸਮਰੱਥ ਬਣਾਉਣ ਲਈ ਕਿਹਾ। ਧਨਖੜ ਨੇ ਕਿਹਾ—ਲੋਕਾਂ ਦੀ ਭਲਾਈ ਲਈ ਜਮਹੂਰੀਅਤ 'ਚ ਸੰਵਾਦ, ਚਰਚਾ, ਵਿਚਾਰ-ਵਟਾਂਦਰਾ ਅਤੇ ਬਹਿਸ ਦਾ ਹੋਣਾ ਜ਼ਰੂਰੀ ਹੈ। ਅਸਲ 'ਚ, ਲੋਕਤੰਤਰ ਵਿਘਨ ਦੀ ਕਾਰਵਾਈ ਲਈ ਨਹੀਂ ਹੋ ਸਕਦਾ।

ਸਮੈਕ ਨਾਲ ਫੜੇ ਦਾ ਸੁਖਬੀਰ ਤੇ ਮਜੀਠੀਆ ਨਾਲ ਸੰਬੰਧ : ਕੰਗ

ਚੰਡੀਗੜ੍ਹ (ਗੁਰਜੀਤ ਬਿੱਲਾ)

ਅਕਾਲੀ ਦਲ ਦੀ ਵਿਦਿਆਰਥੀ ਜਥੇਬੰਦੀ ਸਟੂਡੈਂਟ ਆਰਗੇਨਾਈਜ਼ੇਸ਼ਨ ਆਫ ਇੰਡੀਆ (ਐੱਸ ਓ ਆਈ) ਦੇ ਜ਼ਿਲ੍ਹਾ ਪ੍ਰਧਾਨ ਤੇਜਬੀਰ ਸਿੰਘ ਗਿੱਲ ਤੋਂ ਸਮੈਕ ਅਤੇ ਤਿੰਨ ਲੱਖ ਰੁਪਏ ਦੀ ਬਰਾਮਦਗੀ ਤੋਂ ਬਾਅਦ ਆਮ ਆਦਮੀ ਪਾਰਟੀ ਨੇ ਅਕਾਲੀ ਦਲ 'ਤੇ ਤਿੱਖਾ ਹਮਲਾ ਕੀਤਾ ਹੈ।

ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਆਮ ਆਦਮੀ ਪਾਰਟੀ ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਦੋਸ਼ ਲਾਇਆ ਕਿ ਤੇਜਬੀਰ ਸਿੰਘ ਗਿੱਲ ਦੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਅਤੇ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨਾਲ ਸਿੱਧੇ ਸਬੰਧ ਹਨ। ਤੇਜਬੀਰ ਗਿੱਲ ਦੇ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਨਾਲ ਵੀ ਨੇੜਲੇ ਸੰਬੰਧ ਹਨ। ਇਸ ਤੋਂ ਇਲਾਵਾ ਗੈਂਗਸਟਰ ਘਨਸ਼ਿਆਮ ਨਾਲ ਵੀ ਉਸ ਦੇ ਸੰਬੰਧ ਹਨ। ਕੰਗ ਨੇ ਕਿਹਾ ਕਿ 'ਸਟੂਡੈਂਟ ਆਰਗੇਨਾਈਜ਼ੇਸ਼ਨ ਆਫ਼ ਇੰਡੀਆ' ਅਸਲ ਵਿੱਚ 'ਸਮੈਕ ਆਰਗੇਨਾਈਜ਼ੇਸਨ ਆਫ਼ ਇੰਡੀਆ' ਹੈ। ਕੰਗ ਨੇ ਮੀਡੀਆ ਨੂੰ ਤੇਜਬੀਰ ਸਿੰਘ ਗਿੱਲ ਨਾਲ ਬਿਕਰਮ ਮਜੀਠੀਆ ਅਤੇ ਸੁਖਬੀਰ ਬਾਦਲ ਦੀਆਂ ਕਈ ਨਜ਼ਦੀਕੀਆਂ ਵੀ ਦਿਖਾਈਆਂ, ਜਿਸ ਵਿੱਚ ਦੋਵੇਂ ਆਗੂਆਂ ਨੂੰ ਆਪਸ ਵਿੱਚ ਗੱਲਬਾਤ ਕਰਦਿਆਂ ਦੇਖਿਆ ਜਾ ਸਕਦਾ ਹੈ। ਕੰਗ ਨੇ ਕਿਹਾ ਕਿ ਇਹ ਤਸਵੀਰ ਸਾਬਤ ਕਰਦੀ ਹੈ ਕਿ ਸੁਖਬੀਰ ਬਾਦਲ ਅਤੇ ਬਿਕਰਮ ਮਜੀਠੀਆ ਦੇ ਤੇਜਬੀਰ ਸਿੰਘ ਗਿੱਲ ਨਾਲ ਡੂੰਘੇ ਸੰਬੰਧ ਹਨ। ਇਹ ਤਸਵੀਰ ਇਹ ਵੀ ਸਾਬਤ ਕਰਦੀ ਹੈ ਕਿ ਅਕਾਲੀ ਦਲ ਦੇ ਆਗੂ ਨਸ਼ੇ ਦੇ ਸੌਦਾਗਰਾਂ ਦੀ ਖੁੱਲ੍ਹੇਆਮ ਸਰਪ੍ਰਸਤੀ ਕਰਦੇ ਹਨ। ਪਹਿਲਾਂ ਇਹ ਲੋਕ ਕਹਿੰਦੇ ਸਨ ਕਿ ਸਾਡੇ ਨਾਲ ਕੋਈ ਵੀ ਫ਼ੋਟੋ ਖਿਚਵਾ ਸਕਦਾ ਹੈ, ਕਿਉਂਕਿ ਅਸੀਂ ਵੱਡੇ ਲੀਡਰ ਹਾਂ, ਪਰੰਤੂ ਇਸ ਵਾਰ ਇਹ ਬੋਲ

● ਬਾਕੀ ਸਫ਼ਾ 2 'ਤੇ

ਅਮਰਨਾਥ ਯਾਤਰੀਆਂ ਦੀ ਗਿਣਤੀ ਸਵਾ ਤਿੰਨ ਲੱਖ ਦੇ ਕਰੀਬ ਪੁੱਜੀ

ਜੰਮੂ : ਅਮਰਨਾਥ ਗੁਫਾ ਮੰਦਰ ਦੇ ਦਰਸ਼ਨਾਂ ਲਈ 3000 ਤੋਂ ਵੱਧ ਸ਼ਰਧਾਲੂਆਂ ਦਾ ਨਵਾਂ ਜਥਾ ਸਖਤ ਸੁਰੱਖਿਆ ਵਿਚਕਾਰ ਐਤਵਾਰ ਸਵੇਰੇ ਜੰਮੂ ਤੋਂ ਰਵਾਨਾ ਹੋਇਆ। ਅਨੰਤਨਾਗ ਦੇ ਪਹਿਲਗਾਮ ਅਤੇ ਗੰਦਰਬਲ 'ਚ ਬਾਲਟਾਲ ਦੇ ਰਸਤੇ ਇਹ ਯਾਤਰਾ ਪਹਿਲੀ ਜੁਲਾਈ ਨੂੰ ਸ਼ੁਰੂ ਹੋਈ ਸੀ ਅਤੇ ਹੁਣ ਤੱਕ 3.20 ਲੱਖ ਤੋਂ ਵੱਧ ਸ਼ਰਧਾਲੂ ਬਾਬਾ ਬਰਫਾਨੀ ਦੇ ਦਰਸ਼ਨ ਕਰ ਚੁੱਕੇ ਹਨ।

ਕੇਂਦਰੀ ਨੌਕਰਸ਼ਾਹ ਸਵਾ ਲੱਖ ਦਾ ਮੋਬਾਇਲ ਰੱਖ ਸਕਣਗੇ

ਨਵੀਂ ਦਿੱਲੀ : ਕੇਂਦਰ ਸਰਕਾਰ ਦੇ ਅਧਿਕਾਰੀ 1.3 ਲੱਖ ਰੁਪਏ ਤੱਕ ਦੀ ਕੀਮਤ ਦਾ ਮੋਬਾਇਲ ਫੋਨ, ਲੈਪਟਾਪ ਜਾਂ ਇਸੇ ਤਰ੍ਹਾਂ ਦੇ ਹੋਰ ਉਪਕਰਨ ਰੱਖਣ ਦੇ ਯੋਗ ਹੋਣਗੇ। ਏਨਾ ਹੀ ਨਹੀਂ, ਉਹ ਚਾਰ ਸਾਲ ਬਾਅਦ ਇਨ੍ਹਾਂ ਡਿਵਾਈਸਾਂ ਨੂੰ ਨਿੱਜੀ ਵਰਤੋਂ ਲਈ ਆਪਣੇ ਕੋਲ ਰੱਖ ਸਕਣਗੇ। ਵਿੱਤ ਮੰਤਰਾਲੇ ਦੇ ਖਰਚਾ ਵਿਭਾਗ ਨੇ ਦਫਤਰੀ ਮੈਮੋਰੰਡਮ ਰਾਹੀਂ ਇਸ ਸੰਬੰਧੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ।

ਸੁਖਬੀਰ ਖਿਲਾਫ ਮੋਰਚੇ ਦਾ ਐਲਾਨ

ਚੰਡੀਗੜ੍ਹ : ਸਾਬਕਾ ਸੰਸਦ ਮੈਂਬਰ ਸੁਖਦੇਵ ਸਿੰਘ ਢੀਂਡਸਾ, ਐੱਚ ਐੱਸ ਜੀ ਐੱਮ ਸੀ ਦੇ ਸਾਬਕਾ ਪ੍ਰਧਾਨ ਬਲਜੀਤ ਸਿੰਘ ਦਾਦੂਵਾਲ, ਬਾਬਾ ਸਰਬਜੋਤ ਸਿੰਘ ਬੇਦੀ ਸਮੇਤ ਕਈ ਪ੍ਰਮੁੱਖ ਸਿੱਖ ਆਗਆਂ ਅਤੇ ਸਿਆਸਤਦਾਨਾਂ ਨੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ ਖਿਲਾਫ ਚੋਣਾਂ ਲੜਨ ਲਈ ਸਾਂਝੇ ਮੋਰਚੇ ਦਾ ਐਲਾਨ ਕਰ ਦਿੱਤਾ ਹੈ। ਸ਼ਨੀਵਾਰ ਨੂੰ ਪੀਪਲਜ਼ ਕਨਵੈਨਸ਼ਨ ਸੈਂਟਰ ਵਿਖੇ ਬਾਬਾ ਸਰਬਜੋਤ ਸਿੰਘ ਬੇਦੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ 'ਚ ਸਿੱਖਾਂ ਦੇ ਮਸਲਿਆਂ ਅਤੇ ਆਉਣ ਵਾਲੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਸੰਬੰਧੀ ਰਣਨੀਤੀ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੀਟਿੰਗ 'ਚ ਸਾਬਕਾ ਸਪੀਕਰ ਰਵੀਇੰਦਰ ਸਿੰਘ ਅਤੇ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਮੈਂਬਰ ਵੀ ਹਾਜ਼ਰ ਸਨ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਹੋਰ ਮੀਟਿੰਗਾਂ ਕੀਤੀਆਂ ਜਾਣਗੀਆਂ।

20 ਕਿੱਲੋ ਹੈਰੋਇਨ ਸਮੇਤ ਦੋ ਗ੍ਰਿਫਤਾਰ

ਜਲਾਲਾਬਾਦ (ਪਰਮਜੀਤ ਢਾਬਾਂ, ਕ੍ਰਿਸ਼ਨ ਸਿੰਘ)- ਪੰਜਾਬ ਪੁਲਸ ਨੇ ਨਸ਼ਿਆਂ ਵਿਰੁੱਧ ਚਲਾਈ ਗਈ ਮੁਹਿੰਮ ਤਹਿਤ ਸਰਹੱਦ ਪਾਰੋਂ ਹੋ ਰਹੀ ਤਸਕਰੀ ਨੂੰ ਵੱਡਾ ਝਟਕਾ ਦਿੱਤਾ ਹ

24-JULY-PAGE-1.qxd 7/23/2023 10:18 PM Page 2

ਹੜ੍ਹ ਪੀੜਤਾਂ ਲਈ ਕੋਟਭਾਈ ਤੋਂ ਸਮਗਰੀ ਦਾ ਟਰੱਕ ਰਵਾਨਾ

ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)-ਗਿੱਦੜਬਾਹਾ ਅਧੀਨ ਪੈਂਦੇ ਦਸ਼ਮੇਸ਼ ਨਗਰ ਦੇ ਨੌਜਵਾਨਾਂ ਵੱਲੋਂ ਅੱਜ ਹੜ੍ਹ ਪੀੜਤਾਂ ਲਈ ਰਾਸ਼ਨ ਸਮੱਗਰੀ ਇਕੱਠੀ ਕਰ ਕੇ ਸਰਦੂਲਗੜ੍ਹ ਤੇ ਉਸ ਦੇ ਆਸ-ਪਾਸ ਦੇ ਪਿੰਡਾਂ ਲਈ ਟਰੱਕ ਰਵਾਨਾ ਕੀਤਾ ਗਿਆ। ਹਰਵਿੰਦਰ ਸਿੰਘ ਕਾਕਾ ਤੇ ਗਗਨਦੀਪ ਅਰੋੜਾ ਨੇ ਦੱਸਿਆ ਕਿ ਗਿੱਦੜਬਾਹਾ ਪਿੰਡ ਦੇ ਦਸ਼ਮੇਸ਼ ਨਗਰ ਦੀ ਸੰਗਤ ਦੇ ਸਹਿਯੋਗ ਨਾਲ ਹੜ੍ਹ ਪ੍ਰਭਾਵਿਤ ਲੋਕਾਂ ਲਈ ਅੱਜ ਗੁਰਦੁਆਰਾ ਨਾਨਕਸਰ ਸਾਹਿਬ ਬੈਂਟਾਂਬਾਦ ਵਿਖੇ ਸਰਬੱਤ ਦੇ ਭਲੇ ਦੀ ਅਰਦਾਸ ਕਰਕੇ ਰਾਸ਼ਨ ਦਾ ਟਰੱਕ ਭੇਜਿਆ ਗਿਆ। ਉਨ੍ਹਾਂ ਦੱਸਿਆ ਕਿ ਇਹ ਰਾਹਤ ਸਮੱਗਰੀ ਦਾ ਟਰੱਕ ਸਰਦੂਲਗੜ੍ਹ ਦੇ ਆਸ-ਪਾਸ ਦੇ ਪਿੰਡਾਂ ਦੇ ਹੜ੍ਹ ਪ੍ਰਭਾਵਿਤ ਲੋਕਾਂ ਲਈ ਭੇਜਿਆ ਗਿਆ ਹੈ। ਇਸ ਮੌਕੇ ਹਰਵਿੰਦਰ ਸਿੰਘ ਕਾਕਾ, ਗਗਨਦੀਪ ਅਰੋੜਾ, ਲਵ ਅਰੋੜਾ, ਸੁਮੀਤ, ਹੈਪੀ, ਮਨਪ੍ਰੀਤ, ਕੁਨਾਲ, ਗੁਰ ਮਾਨ, ਜਗਜੀਤ, ਜੋਤ, ਸਾਹਿਲ, ਸ਼ੀਤਲ, ਸੋਨੂ, ਹਨੀ, ਜਗਸੀਰ, ਬਲਵੰਤ, ਹੈਰੀ, ਗੁਰਾ, ਸ਼ੀਰਾਮ, ਅਰਮਾਨ, ਬਿੱਟੂ, ਹਨੀ, ਜਾਦੂ, ਅਮਰਜੀਤ, ਗੋਮਸੀ, ਸ਼ੁਬਮ, ਧੰਨਾ, ਲੱਕੀ, ਦੇਵ, ਹਰਮਨ ਆਦਿ ਹਾਜ਼ਰ ਸਨ।

ਚੰਨੂੰਵਾਲਾ ਸਕੂਲ ਦੀਆਂ ਵਿਦਿਆਰਥਣਾਂ ਨਵੋਦਿਆ ਪ੍ਰੀਖਿਆ ਕੀਤੀ ਪਾਸ

ਬਾਘਾ ਪੁਰਾਣਾ (ਮਨੀ ਸਿੰਗਲਾ)-ਬਲਾਕ ਬਾਘਾ ਪੁਰਾਣਾ ਅਧੀਨ ਪੈਂਦੇ ਪਿੰਡ ਚੰਨੂੰਵਾਲਾ ਦੇ ਸਰਕਾਰੀ ਪ੍ਰਾਇਮਰੀ ਸਕੂਲ ਦੀਆਂ ਵਿਦਿਆਰਥਣਾਂ ਨੇ ਜਵਾਹਰ ਨਵੋਦਿਆ ਵਿਦਿਆਲਿਆ ਲੋਹਾਰਾ ਮੋਗਾ ਵਿਖੇ ਵਿੱਦਿਅਕ ਵਰ੍ਹੇ 2024-25 ਵਿੱਚ ਦਾਖਲਾ ਲੈਣ ਪ੍ਰੀਖਿਆ ਦਿੱਤੀ ਸੀ, ਜਿਸ ਵਿੱਚ ਸਕੂਲ ਦੀਆਂ ਵਿਦਿਆਰਥਣਾਂ ਨੇ ਪ੍ਰੀਖਿਆ ਪਾਸ ਕਰ ਕੇ ਜਿੱਥੇ ਸਕੂਲ ਦਾ ਦਾ ਨਾਂ ਰੌਸ਼ਨ ਕੀਤਾ, ਉਥੇ ਹੀ ਆਪਣੇ ਮਾਪਿਆਂ ਦਾ ਨਾਂ ਵੀ ਰੁਸ਼ਨਾਇਆ ਹੈ। ਸਕੂਲ ਦੇ ਮੁੱਖ ਅਧਿਆਪਕਾ ਨੇ ਦੱਸਿਆ ਕਿ ਉਨ੍ਹਾਂ ਦੇ ਸਕੂਲ ਦੀਆਂ ਦੋ ਵਿਦਿਆਰਥਣਾਂ ਅਨਮੋਲਪ੍ਰੀਤ ਕੌਰ ਪੁੱਤਰੀ ਮਨਦੀਪ ਸਿੰਘ ਮਾਤਾ ਹਰਪ੍ਰੀਤ ਕੌਰ ਤੇ ਅਵਨੀਤ ਕੌਰ ਪੁੱਤਰੀ ਸੁਰਿੰਦਰ ਸਿੰਘ ਨੇ ਪ੍ਰੀਖਿਆ ਪਾਸ ਕੀਤੀ ਹੈ। ਸਕੂਲ ਦੀ ਮੁੱਖ ਅਧਿਆਪਕਾ ਦੇ ਇਲਾਵਾ ਸਮੂਹ ਸਟਾਫ਼ ਨੇ ਅਨਮੋਲਪ੍ਰੀਤ ਕੌਰ ਤੇ ਅਵਨੀਤ ਕੌਰ ਦੇ ਮਾਪਿਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਅਤੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ। ਇਸ ਮੌਕੇ ਸਕੂਲ ਦਾ ਸਮੂਹ ਸਟਾਫ਼ ਹਾਜ਼ਰ ਸੀ।

ਕਲਗੀਧਰ ਟਰੱਸਟ ਬੜੂ ਸਾਹਿਬ ਦੀਆਂ ਅਕੈਡਮੀਆਂ ਨੇ ਰਸਦ ਇਕੱਠੀ ਕੀਤੀ

ਚੀਮਾ ਮੰਡੀ (ਰਵਿੰਦਰ ਚੀਮਾ)-ਹੜ੍ਹ ਪ੍ਰਭਾਵਿਤ ਖੇਤਰ ਵਿੱਚ ਫਸੇ ਲੋਕਾਂ ਨੂੰ ਰਾਹਤ ਦੇਣ ਲਈ ਕਲਗੀਧਰ ਟਰੱਸਟ ਬੜੂ ਸਾਹਿਬ ਦੀ ਟੀਮ ਨਿਰੰਤਰ ਸੇਵਾ ਵਿੱਚ ਲੱਗੀ ਹੋਈ ਹੈ। ਇਹਨਾਂ ਲੋਕਾਂ ਤੱਕ ਰਾਸ਼ਨ ਪਹੁੰਚਾਉਣ ਲਈ ਜਿੱਥੇ ਕਲਗੀਧਰ ਟਰੱਸਟ ਬੜੂ ਸਾਹਿਬ ਦੀ ਅਕਾਲ ਫਲੱਡ ਰਿਲੀਫ਼ ਟੀਮ ਸੇਵਾ ਕਰ ਰਹੀ ਹੈ, ਓਥੇ ਹੀ ਟਰੱਸਟ ਅਧੀਨ ਬਰਨਾਲਾ ਜ਼ਿਲ੍ਹੇ ਵਿੱਚ ਪੈਂਦੀਆਂ ਅਕੈਡਮੀਆਂ ਸਮੂਹ ਸਟਾਫ ਤੇ ਮਾਪਿਆਂ ਦੇ ਸਹਿਯੋਗ ਨਾਲ ਇਨ੍ਹਾਂ ਹੜ੍ਹ-ਪ੍ਰਭਾਵਿਤ ਖੇਤਰਾਂ ਵਿੱਚ ਫਸੇ ਲੋਕਾਂ ਲਈ ਰਾਸ਼ਨ ਇਕੱਠਾ ਕਰ ਰਹੀਆਂ ਹਨ। ਇਹ ਰਸਦ ਅਕਾਲ ਅਕੈਡਮੀ ਭਦੌੜ, ਅਕਾਲ ਅਕੈਡਮੀ ਮਹਿਲ ਕਲਾਂ, ਅਕਾਲ ਅਕੈਡਮੀ ਰਾਜੀਆ ਤੇ ਅਕਾਲ ਅਕੈਡਮੀ ਮਨਾਲ ਵੱਲੋ ਇਕੱਠੀ ਕੀਤੀ ਗਈ ਹੈ। ਇਸ ਰਸਦ ਵਿੱਚ ਆਟਾ, ਚੀਨੀ, ਚਾਵਲ, ਦਾਲਾਂ, ਬਿਸਕੁਟ, ਭੁੱਜੇ ਛੋਲੇ, ਮਸਾਲੇ, ਚਾਹ ਪੱਤੀ, ਸਾਬਣ ਤੇ ਹੋਰ ਸਮੱਗਰੀ ਹੜ੍ਹ-ਪੀੜਤ ਇਲਾਕੇ 'ਚ ਭੇਜੀ ਜਾ ਰਹੀ ਹੈ ਅਕਾਲ ਅਕੈਡਮੀਆਂ ਦੇ ਸਮੂਹ ਸਟਾਫ, ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੇ ਇਸ ਮੁਸ਼ਕਲ ਘੜੀ ਵਿੱਚ ਫਸੇ ਲੋਕਾਂ ਦੀ ਮਦਦ ਕਰਨ ਲਈ ਅੱਗੇ ਆ ਕੇ ਆਪਣੇ ਦਸਵੰਧ ਵਿੱਚੋਂ ਯੋਗਦਾਨ ਪਾਇਆ। ਇਨ੍ਹਾਂ ਅਕੈਡਮੀਆਂ ਦੇ ਸਮੂਹ ਪ੍ਰਿੰਸੀਪਲ ਸਾਹਿਬਾਨਾਂ ਨੇ ਸਟਾਫ, ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਦਾ ਧੰਨਵਾਦ ਕੀਤਾ ਅਤੇ ਸੰਦੇਸ਼ ਦਿੱਤਾ ਕਿ ਕਲਗੀਧਰ ਟਰੱਸਟ ਬੜੂ ਸਾਹਿਬ ਵਿੱਦਿਅਕ ਖੇਤਰ ਦੇ ਨਾਲ-ਨਾਲ ਜਦੋਂ ਵੀ ਦੇਸ਼ ਵਿੱਚ ਕਿਸੇ ਤਰ੍ਹਾਂ ਦੀ ਕੁਦਰਤੀ ਆਫ਼ਤ ਆਈ ਹੈ ਤਾਂ ਟਰੱਸਟ ਦੇ ਸੇਵਾਦਾਰਾਂ ਨੇ ਮਦਦ ਲਈ ਅੱਗੇ ਹੋ ਕੇ ਆਪਣੀ ਜ਼ਿੰਮੇਵਾਰੀ ਨਿਭਾਈ ਹੈ।

ਹੜ੍ਹ ਪੀੜਤਾਂ ਨੂੰ ਮੈਡੀਕਲ ਸਹੂਲਤਾਂ ਦੇਣ ਲਈ ਟੀਮ ਨੂੰ ਵਿਧਾਇਕ ਨੇ ਕੀਤਾ ਰਵਾਨਾ

ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਡੋਰੀ ਗੱਰੁਪ ਬਲਾਕ ਮਹਿਲ ਕਲਾਂ ਵੱਲੋਂ ਜ਼ਿਲ੍ਹਾ ਮਾਨਸਾ ਦੇ ਵੱਖ ਵੱਖ ਪਿੰਡਾਂ ਅੰਦਰ ਹੜ੍ਹ ਪੀੜਤਾਂ ਲਈ ਮੁਫਤ ਦਵਾਈਆਂ ਮੈਡੀਕਲ ਚੈੱਕਅਪ ਲਈ ਤਿੰਨ ਗੱਡੀਆਂ ਦਾ ਜਥਾ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਤੇ ਯੂਸਫ ਖਾਂ ਨੇ ਰਵਾਨਾ ਕੀਤਾ। ਇਸ ਮੌਕੇ ਵਿਧਾਇਕ ਪੰਡੋਰੀ ਨੇ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਅਤੇ ਮੁਸਲਿਮ ਭਾਈਚਾਰਕ ਕਮੇਟੀ ਵੱਲੋਂ ਹੜ੍ਹ ਪੀੜਤਾਂ ਲਈ ਮੈਡੀਕਲ ਸਹੂਲਤਾਂ ਤੇ ਹੋਰ ਰਾਸ਼ਨ ਸਮੱਗਰੀ ਲੈ ਕੇ ਜਾਣ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਮਨੁੱਖਤਾ ਦੀ ਭਲਾਈ ਲਈ ਵੱਖ ਵੱਖ ਸਮਾਜ ਸੇਵੀ ਸੰਸਥਾਵਾਂ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਕਰਨਾ ਸਾਡਾ ਸਾਰਿਆਂ ਦਾ ਮੁਢਲਾ ਫਰਜ਼ ਬਣਦਾ ਹੈ। ਬਲਾਕ ਪ੍ਰਧਾਨ ਦਲਬਾਰ ਸਿੰਘ ਮਹਿਲ ਕਲਾਂ, ਚੇਅਰਮੈਨ ਕੇਸਰ ਖਾਨ, ਸਰਪ੍ਰਸਤ ਅਮਰਜੀਤ ਸਿੰਘ ਕਾਲਸਾਂ, ਗੁਰਮੀਤ ਸਿੰਘ ਦੀਵਾਨਾ, ਡਾ: ਅਮਰਜੀਤ ਸਿੰਘ ਨੇ ਕਿਹਾ ਕਿ ਹੜ੍ਹ ਪੀੜਤਾਂ ਦੀ ਮਦਦ ਲਈ ਇਹ ਟੀਮ ਵੱਖ ਵੱਖ ਇਲਾਕਿਆਂ ਵਿੱਚ ਲੋੜਵੰਦ ਮਰੀਜ਼ਾਂ ਦੀ ਮਦਦ ਕਰੇਗੀ। ਇਸ ਮੌਕੇ ਮੁੱਖ ਸਲਾਹਕਾਰ ਸੁਖਵਿੰਦਰ ਦਾਸ ਕੁਰੜ, ਬੇਅੰਤ ਸਿੰਘ ਮਿੱਠੂ, ਤੇਜਪਾਲ ਸਿੰਘ ਮਠਾੜੂ, ਮੋਹਿਤ ਗਰਗ ਹੀਰਾ, ਮਨਜੀਤ ਸਿੰਘ ਸਹਿਜੜਾ, ਪੀ.ਏ ਬਿੰਦਰ ਸਿੰਘ ਖਾਲਸਾ, ਮੇਜਰ ਸਿੰਘ ਛਾਪਾ, ਪਰਮਜੀਤ ਸਿੰਘ ਛਾਪਾ, ਨਿਰਭੈ ਸਿੰਘ ਨਿਹਾਲੂਵਾਲ, ਜੰਗ ਬਹਾਦਰ ਹਮੀਦੀ, ਜਸਵੰਤ ਸਿੰਘ ਛੀਨੀਵਾਲ, ਬਾਰੂ ਮੁਹੰਮਦ, ਬੇਅੰਤ ਸਿੰਘ ਮੂੰਮ, ਹਰੀ ਸਿੰਘ ਮੂੰਮ, ਗੁਰਚਰਨ ਸਿੰਘ ਰਾਜਗੜ੍ਹ, ਮਲਕੀਤ ਸਿੰਘ ਦੀਵਾਨਾ, ਹਰਵਿੰਦਰ ਵਜੀਦਕੇ, ਫਿਰੋਜ਼ ਦੀਨ, ਬੂਟਾ ਖਾਂਨ ਸੋਨੀ, ਹਮੀਦ ਮੁਹੰਮਦ ਚੁਹਾਣਕੇ, ਮੁਹੰਮਦ ਅਰਸ਼ਦ, ਖਲੀਲ ਮੁਹੰਮਦ, ਬਕੀਲ ਖਾਨ, ਮਹਿੰਦਰ ਸਿੰਘ ਨਿਹੰਗ ਆਦਿ ਹਾਜ਼ਰ ਸਨ।

ਬਲੌਸਮ ਸਕੂਲ 'ਚ ਵਿਸ਼ੇਸ਼ ਗਤੀਵਿਧੀ ਕਰਾਈ

ਜਗਰਾਉਂ (ਅਮਿਤ ਖੰਨਾ)-ਬਲੌਸਮ ਕਾਨਵੈਂਟ ਸਕੂਲ ਦੇ ਤੀਜੀ ਜਮਾਤ ਦੇ ਵਿਦਿਆਰਥੀਆਂ ਵੱਲੋਂ ਵਿਸ਼ੇਸ਼ ਗਤੀਵਿਧੀ ਕੀਤੀ ਗਈ, ਜਿਸ ਵਿੱਚ ਬੱਚਿਆਂ ਨੇ ਆਪਣੇ ਅਧਿਆਪਕਾਂ ਦੀ ਦੇਖ-ਰੇਖ ਵਿੱਚ ਅਖਬਾਰ ਪੜ੍ਹਿਆ, ਉਸ ਵਿੱਚੋਂ ਕੁਝ ਔਖੇ ਸ਼ਬਦ ਚੁਣੇ ਅਤੇ ਆਪਣੀਆਂ ਨੋਟਬੁੱਕਾਂ 'ਤੇ ਲਿਖ ਕੇ ਆਪਣੇ ਅਧਿਆਪਕਾਂ ਤੋਂ ਉਨ੍ਹਾਂ ਦੇ ਅਰਥ ਪੁੱਛ ਕੇ ਆਪਣੇ ਗਿਆਨ ਵਿੱਚ ਵਾਧਾ ਕੀਤਾ। ਸਕੂਲ ਪ੍ਰਿੰਸੀਪਲ ਡਾ. ਅਮਰਜੀਤ ਕੌਰ ਨਾਜ ਨੇ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇਹ ਬੱਚੇ ਇੰਨੀ ਛੋਟੀ ਉਮਰ ਵਿੱਚ ਅਖਬਾਰ ਪੜ੍ਹਨ ਦੇ ਆਦੀ ਹੋ ਰਹੇ ਹਨ, ਇਸ ਲਈ ਉਹ ਆਪਣੀ ਸ਼ਬਦਾਵਲੀ ਦਾ ਵਿਸਥਾਰ ਕਰ ਰਹੇ ਹਨ, ਜੋ ਆਉਣ ਵਾਲੇ ਦਿਨਾਂ ਵਿੱਚ ਉਨ੍ਹਾਂ ਦੀ ਮਦਦ ਕਰੇਗਾ। ਇਸ ਮੌਕੇ ਸਕੂਲ ਦੇ ਚੇਅਰਮੈਨ ਹਰਭਜਨ ਸਿੰਘ ਜੌਹਲ, ਪ੍ਰਧਾਨ ਮਨਪ੍ਰੀਤ ਸਿੰਘ ਬਰਾੜ ਨੇ ਵੀ ਬੱਚਿਆਂ ਦੀ ਸਫਲਤਾ ਦੀ ਕਾਮਨਾ ਕੀਤੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ 'ਵਰਸਿਟੀ ਨੂੰ ਮਿਲੀ ਮਾਨਤਾ

ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਪੰਜਾਬ ਸਟੇਟ ਕੌਂਸਲ ਫਾਰ ਐਗਰੀਕਲਚਰਲ ਐਜੂਕੇਸ਼ਨ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਵਿੱਚ ਚੱਲ ਰਹੀ ਵਿੱਦਿਅਕ ਸੰਸਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫ਼ਤਿਹਗੜ੍ਹ ਸਾਹਿਬ ਨੂੰ ਖੇਤੀਬਾੜੀ ਪ੍ਰੋਗਰਾਮਾਂ ਦੀ ਪ੍ਰਵਾਨਗੀ ਦੇ ਦਿੱਤੀ ਗਈ ਹੈ। ਸਟੇਟ ਕੌਂਸਲ ਵੱਲੋਂ ਗਠਿਤ ਟੀਮ ਦੁਆਰਾ ਪਿਛਲੇ ਦਿਨੀਂ ਯੂਨੀਵਰਸਿਟੀ ਦਾ ਦੌਰਾ ਕੀਤਾ ਗਿਆ, ਜਿਸ ਦੌਰਾਨ ਉਨ੍ਹਾਂ ਨੇ ਯੂਨੀਵਰਸਿਟੀ ਦੇ ਖੇਤੀਬਾੜੀ ਵਿਭਾਗ ਦੇ ਅਧਿਆਪਨ ਸਟਾਫ, ਪ੍ਰਯੋਗਸ਼ਾਲਾਵਾਂ ਅਤੇ ਖੇਤੀ-ਫਾਰਮ ਦਾ ਨਿਰਧਾਰਤ ਸ਼ਰਤਾਂ ਤਹਿਤ ਮੁਆਇਨਾ ਕੀਤਾ। ਕੌਂਸਲ ਦੀ ਅਧਿਕਾਰਤ ਟੀਮ ਨੇ ਯੂਨੀਵਰਸਿਟੀ ਦੇ ਖੇਤੀਬਾੜੀ ਵਿਭਾਗ ਦੇ ਅਧਿਆਪਨ ਸਟਾਫ, ਪ੍ਰਯੋਗਸ਼ਾਲਾਵਾਂ ਅਤੇ ਖੇਤੀ-ਫਾਰਮ ਬਾਰੇ ਤਸੱਲੀ ਪ੍ਰਗਟਾਈ। ਕੌਂਸਲ ਵੱਲੋਂ ਯੂਨੀਵਰਸਿਟੀ ਨੂੰ ਦਿੱਤੀ ਪ੍ਰਵਾਨਗੀ ਬਾਰੇ ਪ੍ਰੋ-ਚਾਂਸਲਰ ਪ੍ਰੋ. (ਡਾ.) ਅਜਾਇਬ ਸਿੰਘ ਬਰਾੜ, ਵਾਈਸ-ਚਾਂਸਲਰ ਪ੍ਰੋ. (ਡਾ.) ਪ੍ਰਿਤਪਾਲ ਸਿੰਘ ਅਤੇ ਡੀਨ ਅਕਾਦਮਿਕ ਮਾਮਲੇ ਪ੍ਰੋ .(ਡਾ.) ਸੁਖਵਿੰਦਰ ਸਿੰਘ ਬਿਲਿੰਗ ਨੇ ਇਸ ਪ੍ਰਵਾਨਗੀ ਨੂੰ ਯੂਨੀਵਰਸਿਟੀ ਲਈ ਇਕ ਵੱਡੀ ਪ੍ਰਾਪਤੀ ਮੰਨਿਆ ਅਤੇ ਇਸ ਪ੍ਰਾਪਤੀ ਲਈ ਉਹਨਾਂ ਨੇ ਵਿਭਾਗ ਦੇ ਡੀਨ/ਮੁਖੀ ਡਾ. ਜੋਗਾ ਸਿੰਘ, ਇੰਚਾਰਜ ਡਾ. ਜਸਪ੍ਰੀਤ ਕੌਰ ਅਤੇ ਵਿਭਾਗ ਦੇ ਫੈਕਲਟੀ ਮੈਂਬਰਾਂ ਨੂੰ ਵਧਾਈ ਦਿੱਤੀ। ਐਗਰੀਕਲਚਰ ਵਿਭਾਗ ਦੇ ਡੀਨ/ਮੁਖੀ ਡਾ. ਜੋਗਾ ਸਿੰਘ ਨੇ ਦੱਸਿਆ ਕਿ ਇਹ ਸਫਲਤਾ ਵਿਭਾਗ ਦੇ ਸਮੂਹ ਫੈਕਲਟੀ ਮੈਂਬਰਾਂ, ਲੈਬ ਸਟਾਫ਼ ਅਤੇ ਫੀਲਡ ਵਰਕਰਾਂ ਦੀ ਸਖ਼ਤ ਮਿਹਨਤ ਅਤੇ ਸਾਂਝੇ ਯਤਨਾਂ ਦੁਆਰਾ ਸੰਭਵ ਹੋਈ ਹੈ । ਯੂਨੀਵਰਸਿਟੀ ਦੇ ਚਾਂਸਲਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਯੂਨੀਵਰਸਿਟੀ ਨੂੰ ਖੇਤੀਬਾੜੀ ਕੋਰਸਾਂ ਲਈ ਪ੍ਰਵਾਨਗੀ ਮਿਲਣ 'ਤੇ ਵਧਾਈ ਦਿੱਤੀ।

ਰੰਗਮੰਚ ਤੇ ਲੋਕਾਂ ਦਾ ਮੱਛੀ ਤੇ ਪਾਣੀ ਵਾਲਾ ਰਿਸ਼ਤਾ : ਕੇਵਲ ਧਾਲੀਵਾਲ

ਜਲੰਧਰ : ਬੀਤੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਰੰਗਕਰਮੀ ਲਖਵਿੰਦਰ ਸਿੰਘ ਮੱਲ੍ਹੀ ਦੀ ਯਾਦ 'ਚ ਹੋਏ ਸ਼ਰਧਾਂਜਲੀ ਸਮਾਗਮ ਮੌਕੇ 'ਰੰਗਮੰਚ, ਜ਼ਿੰਦਗੀ ਅਤੇ ਸਮਾਜ' ਵਿਸ਼ੇ ਉਪਰ ਬਹੁਤ ਹੀ ਅਰਥਭਰਪੂਰ ਵਿਚਾਰਾਂ ਹੋਈਆਂ।

ਪੰਜਾਬੀ ਰੰਗਮੰਚ ਦੇ ਨਾਮਵਰ ਨਾਟਕਕਾਰ ਕੇਵਲ ਧਾਲੀਵਾਲ, ਲਖਵਿੰਦਰ ਸਿੰਘ ਮੱਲ੍ਹੀ ਦੀ ਜੀਵਨ ਸਾਥਣ ਹਰਿਦਰ ਕੌਰ ਉਰਫ ਕਿਰਨ ਹੁਸ਼ਿਆਰਪੁਰ , ਉਹਨਾ ਦੀ ਨੂੰਹ ਬਲਜੀਤ ਕੌਰ ਉਗਰਾਹਾਂ, ਸੁਮਨ ਲਤਾ ਫਗਵਾੜਾ, ਕ੍ਰਾਂਤੀਪਾਲ ਬਿਆਸ ਅਤੇ ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਦੀ ਪ੍ਰਧਾਨਗੀ ਹੇਠ ਹੋਏ ਸ਼ਰਧਾਂਜਲੀ ਅਤੇ ਵਿਚਾਰ-ਚਰਚਾ ਸਮਾਗਮ ਨੇ ਕਲਮ, ਕਲਾ ਅਤੇ ਸੰਗਰਾਮ ਦੀ ਜੋਟੀ ਮਜ਼ਬੂਤ ਕਰਨ ਲਈ ਚਿੰਤਨ ਅਤੇ ਸਰਗਰਮੀਆਂ ਦੇ ਸੁਮੇਲ ਉਪਰ ਜ਼ੋਰ ਦਿੱਤਾ।

ਸਮਾਗਮ ਦਾ ਆਗਾਜ਼ ਸਮੂਹ ਹਾਜ਼ਰੀਨ ਵੱਲੋਂ ਖੜ੍ਹੇ ਹੋ ਕੇ ਸ਼ਹੀਦ ਜੈਮਲ ਸਿੰਘ ਪੰਡਾ ਦੇ ਗੀਤ, 'ਯਾਰੋ ਸਾਨੂੰ ਨਹੀਓਂ ਭੁੱਲਣੀ, ਉਹਨਾਂ ਮਿੱਤਰਾਂ ਦੀ ਯਾਦ ਪਿਆਰੀ' ਦੇ ਬੋਲਾਂ ਰਾਹੀਂ ਲਖਵਿੰਦਰ ਸਿੰਘ ਮੱਲ੍ਹੀ ਨੂੰ ਸ਼ਰਧਾਂਜਲੀ ਦੇਣ ਨਾਲ ਹੋਇਆ।

ਅਮੋਲਕ ਸਿੰਘ ਨੇ ਕਿਹਾ ਕਿ ਬੀਤੀ 12 ਜੁਲਾਈ ਨੂੰ ਸਦੀਵੀ ਵਿਛੋੜਾ ਦੇ ਗਏ ਲਖਵਿੰਦਰ ਸਿੰਘ ਮੱਲ੍ਹੀ ਪੰਜਾਬ ਨਾਟਕ ਕਲਾ ਕੇਂਦਰ ਅਤੇ ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ) ਸੰਸਥਾਵਾਂ ਅੰਦਰ 80ਵੇਂ ਦੇ ਦੌਰ 'ਚ ਜ਼ਮੀਨ ਨਾਲ ਜੁੜੇ ਬਹੁਤ ਹੀ ਸਾਰਥਕ ਰੰਗਮੰਚ ਵਿਚ ਆਪਣੀ ਕਲਾ ਰਾਹੀਂ ਲੋਕਾਂ ਨੂੰ ਜਾਗਰੂਕ ਕਰਨ ਦੀ ਅਹਿਮ ਭੂਮਿਕਾ ਨਿਭਾਉਂਦੇ ਰਹੇ। ਉਹਨਾ ਕਿਹਾ ਕਿ ਰੰਗਮੰਚ, ਜ਼ਿੰਦਗੀ ਅਤੇ ਸਮਾਜ ਦਾ ਅਟੁੱਟ ਰਿਸ਼ਤਾ ਹੈ, ਜਿਹੜਾ ਲੋਕਾਂ ਦੀ ਆਜ਼ਾਦੀ, ਜਮਹੂਰੀਅਤ, ਬਰਾਬਰੀ ਅਤੇ ਖੁਸ਼ਹਾਲੀ ਭਰੇ ਨਵੇਂ ਸਮਾਜ ਦੇ ਦੁਆਰ ਖੋਲ੍ਹਦਾ ਹੈ।

ਪੰਜਾਬੀ ਰੰਗਮੰਚ ਦੇ ਮਹਿਬੂਬ ਨਿਰਦੇਸ਼ਕ ਕੇਵਲ ਧਾਲੀਵਾਲ ਨੇ ਕਿਹਾ ਕਿ ਲੋਕਾਂ ਦੇ ਸਰੋਕਾਰਾਂ ਦੀ ਬਾਂਹ ਫੜਨ ਵਾਲਾ ਰੰਗਮੰਚ ਹਰ ਤਰ੍ਹਾਂ ਦੀਆਂ ਦੁਸ਼ਵਾਰੀਆਂ ਅਤੇ ਚੁਣੌਤੀਆਂ ਨੂੰ ਫਤਿਹ ਕਰਨ ਦੀ ਸਮਰੱਥਾ ਰੱਖਦਾ ਹੈ। ਰੰਗਮੰਚ ਤੇ ਲੋਕਾਂ ਦਾ ਮੱਛੀ ਤੇ ਪਾਣੀ ਵਾਲਾ ਰਿਸ਼ਤਾ ਹੈ। ਉਹਨਾ ਰੰਗਮੰਚ, ਲੋਕਾਂ ਅਤੇ ਖੂਬਸੂਰਤ ਸਮਾਜ ਲਈ ਜੂਝਣ ਵਾਲਿਆਂ ਦੀ ਨਿੱਘੀ ਗਲਵੱਕੜੀ ਉਪਰ ਜ਼ੋਰ ਦਿੱਤਾ।

ਜਮਹੂਰੀ ਹੱਕਾਂ ਦੇ ਨਿਧੜਕ ਘੁਲਾਟੀਏ, ਲੇਖਕ ਅਤੇ ਦੁਰਲੱਭ ਸਾਹਿਤ ਦੇ ਠੁੱਕਦਾਰ ਅਨੁਵਾਦਕ ਬੂਟਾ ਸਿੰਘ ਮਹਿਮੂਦਪੁਰ ਨੇ ਰੰਗਮੰਚ ਦੇ ਕਾਮਿਆਂ ਨੂੰ ਆਪਣੇ ਚੌਗਿਰਦੇ ਵਿਚ ਵਾਪਰਦੇ ਵਰਤਾਰਿਆਂ ਦੇ ਦਾਰਸ਼ਨਿਕ, ਇਤਿਹਾਸਕ, ਆਰਥਕ, ਰਾਜਨੀਤਕ, ਸਮਾਜਕ, ਸਾਹਿਤਕ ਅਤੇ ਸੱਭਿਆਚਾਰਕ ਸਭਨਾਂ ਪੱਖਾਂ ਬਾਰੇ ਜਾਗਰੂਕ ਹੋਣ 'ਤੇ ਜ਼ੋਰ ਦਿੱਤਾ।

ਬੂਟਾ

24-July-Page-3.qxd 7/23/2023 10:27 PM Page 1

ਨਸ਼ਾ ਤਸਕਰਾਂ ਖਿਲਾਫ ਭੰਗਵਾਂ ਨਿਵਾਸੀਆਂ ਡੀ ਐੱਸ ਪੀ ਮਜੀਠਾ ਨੂੰ ਦਿੱਤਾ ਮੰਗ ਪੱਤਰ

ਮਜੀਠਾ (ਸੋਇਮ ਆਨੰਦ) ਪਿੰਡ ਭੰਗਵਾਂ ਦੇ ਸਰਪੰਚ ਗੁਰਭੇਜ ਸਿੰਘ ਦੀ ਅਗਵਾਈ ਵਿਚ ਸਮੁੱਚੀ ਗ੍ਰਾਮ ਪੰਚਾਇਤ, ਨੰਬਰਦਾਰਾਂ, ਮੋਹਤਬਰਾਂ ਅਤੇ ਨੌਜਵਾਨਾਂ ਵਲੋ ਪਿੰਡ ਭੰਗਵਾਂ ਵਿਚ ਪਿੰਡ ਦੇ ਹੀ ਕੁਝ ਨਸ਼ਾ ਤਸਕਰਾਂ ਵਲੋਂ ਸ਼ਰੇਆਮ ਨਸਾ ਵੇਚਣ ਦੇ ਖਿਲਾਫ ਸਖਤ ਕਾਰਵਾਈ ਕਰਨ ਵਾਸਤੇ ਮਤਾ ਪਾਸ ਕੀਤਾ ਗਿਆ ਜਿਸ ਰਾਹੀਂ ਐਚਐਚਓ ਮਜੀਠਾ, ਡੀਐਸਪੀ ਮਜੀਠਾ ਅਤੇ ਐਸਐਸਪੀ. ਅੰਮ੍ਰਿਤਸਰ ਦਿਹਾਤੀ ਨੂੰ ਪਿੰਡ ਵਿਚ ਨਸ਼ਾ ਵੇਚਣ ਵਾਲੇ ਵਿਅਕਤੀਆਂ ਦੇ ਬਾਕਾਇਦਾ ਨਾਮ ਦੱਸ ਕੇ ਬੇਨਤੀ ਕੀਤੀ ਗਈ ਕਿ ਇਨ੍ਹਾਂ ਨਸ਼ਾ ਤਸਕਰਾਂ ਖਿਲਾਫ ਸਖਤ ਤੋ ਸਖਤ ਕਾਰਵਾਈ ਕੀਤੀ ਜਾਵੇ। ਇਸ ਸਬੰਧੀ ਪਿੰਡ ਵਾਸੀਆਂ ਵਲੋਂ ਸਰਪੰਚ ਗੁਰਭੇਜ ਸਿੰਘ ਦੀ ਅਗਵਾਈ ਵਿਚ ਡੀਐਸਪੀ. ਮਜੀਠਾ ਮਨਮੋਹਨ ਸਿੰਘ ਔਲਖ ਨੂੰ ਪਿੰਡ ਦੇ ਸਮੂਹ ਵਸਨੀਕਾਂ ਦੇ ਦਸਤਖਤਾਂ ਵਾਲਾ ਇੱਕ ਮੰਗ ਪੱਤਰ ਵੀ ਦਿੱਤਾ ਗਿਆ। ਮੰਗ ਪੱਤਰ ਵਿਚ ਇਹ ਵੀ ਕਿਹਾ ਗਿਆ ਕਿ ਅਗਰ ਪਿੰਡ ਵਾਸੀ ਆਪਣੇ ਪੱਧਰ ਤੇ ਨਸਾ ਵੇਚਣ ਵਾਲਿਆਂ ਦੇ ਖਿਲਾਫ ਕੋਈ ਕਾਰਵਾਈ ਕਰਦੇ ਹਨ ਤਾਂ ਸਥਾਨਕ ਪੁਲਸ ਪਿੰਡ ਵਾਲਿਆਂ ਦਾ ਸਹਿਯੋਗ ਕਰੇ ਤਾਂ ਕਿ ਪਿੰਡ ਵਾਸੀ ਬਿਨਾਂ ਕਿਸੇ ਡਰ ਜਾਂ ਭੈਅ ਤੇ ਪਿੰਡ ਵਿਚੋ ਨਸ਼ਾ ਬੰਦ ਕਰਾਉਣ ਵਿਚ ਕਾਮਯਾਬ ਹੋ ਸਕਣ। ਕਿਉਂਕਿ ਪਿੰਡ ਵਾਸੀਆਂ ਨੇ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਪਿੰਡ ਦੇ ਚਾਰ ਚੁਫੇਰੇ 24 ਘੰਟੇ ਠੀਕਰੀ ਪਹਿਰੇ ਲਗਾਏ ਹਨ ਅਤੇ ਹਰੇਕ ਉਪਰੇ ਬੰਦੇ ਦੀ ਪਿੰਡ ਆਉਣ ਤੇ ਜਾਂਚ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਨਸ਼ਾ ਤਸਕਰਾਂ ਅਤੇ ਨਸ਼ਾ ਕਰਨ ਵਾਲਿਆਂ ਤੋਂ ਪਿੰਡ ਵਾਸੀ ਬਹੁਤ ਪ੍ਰੇਸ਼ਾਨ ਹਨ। ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਪਿੰਡ ਵਾਲੇ ਰਾਤ ਵਕਤ ਇਕੱਲੇ ਪਿੰਡ ਵਿਚ ਫਿਰ ਨਹੀਂ ਸਕਦੇ। ਨਸ਼ੇੜੀ ਲੁੱਟ ਖੋਹ ਦੀ ਨੀਯਤ ਨਾਲ ਹਮਲਾ ਕਰ ਦਿੰਦੇ ਹਨ। ਇਸ ਕਰਕੇ ਪਿੰਡ ਵਾਸੀਆਂ ਨੇ ਪੁਲਿਸ ਪ੍ਰਸ਼ਾਸਨ ਪਾਸੋਂ ਨਸ਼ਾ ਤਸਕਰਾਂ ਅਤੇ ਨਸ਼ਾ ਕਰਨ ਵਾਲਿਆਂ ਖਿਲਾਫ ਸਹਿਯੋਗ ਕਰਨ ਦੀ ਮੰਗ ਕੀਤੀ ਅਤੇ ਕਿਹਾ ਕਿ ਪਿੰਡ ਵਾਸੀ ਵੀ ਪੁਲਸ ਨਾਲ ਸਹਿਯੋਗ ਕਰਨ ਲਈ ਤਿਆਰ ਹਨ। ਡੀਐਸਪੀ. ਮਜੀਠਾ ਮਨਮੋਹਨ ਸਿੰਘ ਔਲਖ ਨੇ ਪਿੰਡ ਵਾਸੀਆਂ ਨੂੰ ਵਿਸ਼ਵਾਸ ਦੁਆਇਆ ਕਿ ਪੁਲਿਸ ਪ੍ਰਸ਼ਾਸਨ ਪਿੰਡ ਵਾਸੀਆਂ ਦੇ ਨਾਲ ਹਰ ਵਕਤ ਖੜਾ ਹੈ ਪਿੰਡ ਵਿਚੋਂ ਨਸ਼ਾ ਖਤਮ ਕਰਨ ਵਿਚ ਪਿੰਡ ਵਾਲਿਆਂ ਨੂੰ ਪੂਰਾ ਸਹਿਯੋਗ ਦਿੱਤਾ ਜਾਵੇਗਾ। ਇਸ ਮੌਕੇ ਸਰਪੰਚ ਗੁਰਭੇਜ ਸਿੰਘ, ਹਰਪਾਲ ਸਿੰਘ ਪੰਚ, ਕਸ਼ਮੀਰ ਸਿੰਘ ਪੰਚ, ਕੁਲਵਿੰਦਰ ਸਿੰਘ ਪੰਚ, ਬਲਰਾਜ ਸਿੰਘ ਪੰਚ, ਪ੍ਰਭਜੀਤ ਕੌਰ ਪੰਚ, ਦਲਬੀਰ ਕੌਰ ਪੰਚ, ਲਖਬੀਰ ਸਿੰਘ ਨੰਬਰਦਾਰ, ਹਰਦਿਆਲ ਸਿੰਘ ਨੰਬਰਦਾਰ, ਬਲਵਿੰਦਰ ਸਿੰਘ ਨੰਬਰਦਾਰ, ਜਗਜੀਤ ਸਿੰਘ, ਬਿੱਟੂ ਸਿੰਘ, ਹਰਭਜਨ ਸਿੰਘ, ਸਤਨਾਮ ਸਿੰਘ, ਰਣਜੋਧ ਸਿੰਘ, ਮਨਜੀਤ ਸਿੰਘ, ਕੁਲਦੀਪ ਸਿੰਘ, ਬਲਵਿੰਦਰ ਸਿੰਘ, ਗੁਰਵਿੰਦਰ ਸਿੰਘ, ਸੁਲੱਖਣ ਸਿੰਘ, ਪਲਵਿੰਦਰ ਸਿੰਘ, ਹਰਮਨਦੀਪ ਸਿੰਘ ਆਦਿ ਹਾਜ਼ਰ ਸਨ।

ਮੀਂਹ ਕਾਰਨ ਝੋਨੇ ਦੇ 6 ਖੇਤ ਪਾਣੀ 'ਚ ਪੂਰੀ ਤਰ੍ਹਾਂ ਡੁੱਬੇ

ਫਿਲੌਰ, (ਨਿਰਮਲ)- ਪਿੰਡ ਲਸਾੜਾ ਤੋਂ ਮੋਰੋ, ਅੱਪਰਾ ਨੂੰ ਜਾਣ ਵਾਲੀ ਸੜਕ 'ਤੇ ਇੱਟਾਂ ਦੇ ਭੱਠੇ ਦੇ ਪਿਛਲੇ ਪਾਸੇ ਕਿਸਾਨ ਵੱਲੋਂ ਲਗਾਏ ਝੋਨੇ ਦੇ 6 ਖੇਤ ਮੀਹ ਦੇ ਪਾਣੀ 'ਚ ਪੂਰੀ ਤਰ੍ਹਾਂ ਡੁੱਬ ਚੁੱਕੇ ਹਨ ਕੋਈ ਪ੍ਰਸ਼ਾਸਨਿਕ ਅਧਿਕਾਰ ਇਸ ਕਿਸਾਨ ਦੀ ਸਾਰ ਲੈਣ ਨਹੀਂ ਆਇਆ ਹੈ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਕਿਸਾਨ ਦਲੀਪ ਕੁਮਾਰ ਗੋਗਨਾ ਤੇ ਉਨ੍ਹਾਂ ਦੇ ਸਪੁੱਤਰ ਅੰਕੁਸ਼ ਗੋਗਨਾ ਨੇ ਦੱਸਿਆ ਕਿ ਪਿਛਲੇ 25 ਦਿਨ ਪਹਿਲਾ ਅਸੀਂ ਆਪਣੇ ਖੇਤਾਂ 'ਚ ਪ੍ਰਵਾਸੀ ਮਜ਼ਦੂਰਾਂ ਤੋਂ 4 ਦੇ ਕਰੀਬ ਇੱਕ ਖੇਤ ਝੋਨਾ ਲਗਵਾਇਆ ਸੀ, ਪਰ ਲਗਾਤਾਰ ਪਏ ਮੀਹ ਕਾਰਨ ਸਾਡੇ ਝੋਨੇ ਦੀ ਫਸਲ ਪੂਰੀ ਤਰ੍ਹਾਂ ਪਾਣੀ 'ਚ ਡੁੱਬ ਚੁੱਕੀ ਹੈ ਤੇ ਸਾਡਾ ਬਹੁਤ ਨੁਕਸਾਨ ਹੋ ਚੁੱਕਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਲਾਨ ਕੀਤਾ ਹੈ ਕਿ ਜਿਨ੍ਹਾ ਕਿਸਾਨਾਂ ਦਾ ਮੀਹ ਦੇ ਪਾਣੀ ਨਾਲ ਨੁਕਸਾਨ ਹੋਇਆ ਹੈ ਉਨ੍ਹਾ ਦੇ ਖੇਤਾਂ ਦੀ ਗਦਾਵਰੀ ਕਰਵਾ ਕੇ ਉਨ੍ਹਾ ਨੂੰ ਬਣਦਾ ਮੁਹਾਵਜਾ ਦਿੱਤਾ ਜਾਵੇਗਾ, ਪਰ ਅਜੇ ਤੱਕ ਕੋਈ ਵੀ ਪ੍ਰਸ਼ਾਸਨਿਕ ਅਧਿਕਾਰੀ ਸਾਡੇ ਖੇਤਾਂ ਦੀ ਗਦਾਵਰੀ ਕਰਨ ਨਹੀ ਆਇਆ ਹੈ। ਉਨ੍ਹਾਂ ਪੰਜਾਬ ਸਰਕਾਰ ਤੇ ਜਿਲ੍ਹਾ ਪ੍ਰਸ਼ਾਸਨ ਤੋਂ ਆਪਣੇ ਹੋਏ ਨੁਕਸਾਨ ਲਈ ਮਦਦ ਦੀ ਗੁਹਾਰ ਲਗਾਈ ਹੈ।

ਦਰਬਾਰ ਸ਼੍ਰੀ ਪੰਡੋਰੀ ਧਾਮ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਲਈ ਮੁੱਖ ਮੰਤਰੀ ਰਾਹਤ ਕੋਸ਼ 'ਚ 5 ਲੱਖ ਦਾ ਯੋਗਦਾਨ

ਮਹੰਤ ਰਘੁਬੀਰ ਦਾਸ ਨੇ ਸਹਾਇਤਾ ਰਾਸ਼ੀ ਦਾ ਚੈੱਕ ਚੇਅਰਮੈਨ ਰਮਨ ਬਹਿਲ ਨੂੰ ਸੌਂਪਿਆ

ਡੇਰਾ ਬਾਬਾ ਨਾਨਕ, ਗੁਰਦਾਸਪੁਰ (ਰਮੇਸ਼ ਸ਼ਰਮਾ, ਜਨਕ ਮਹਾਜਨ)- ਦਰਬਾਰ ਸ਼੍ਰੀ ਪੰਡੋਰੀ ਧਾਮ ਵੀ ਸੂਬੇ ਦੇ ਹੜ੍ਹ ਪੀੜ੍ਹਤਾਂ ਦੀ ਮਦਦ ਲਈ ਅੱਗੇ ਆਇਆ ਹੈ। ਦਰਬਾਰ ਸ੍ਰੀ ਪੰਡੋਰੀ ਧਾਮ ਦੇ ਮਹੰਤ ਰਘੁਬੀਰ ਦਾਸ ਜੀ ਵੱਲੋਂ ਹੜ੍ਹ ਪੀੜ੍ਹਤਾਂ ਦੀ ਮਦਦ ਲਈ ਮੁੱਖ ਮੰਤਰੀ ਪੰਜਾਬ ਰਾਹਤ ਕੋਸ਼ ਵਿੱਚ 5 ਲੱਖ ਰੁਪਏ ਦੀ ਰਾਸ਼ੀ ਦਾ ਯੋਗਦਾਨ ਪਾਇਆ ਗਿਆ ਹੈ। ਇਸ 5 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦਾ ਚੈੱਕ ਅੱਜ ਮਹੰਤ ਰਘੁਬੀਰ ਦਾਸ ਜੀ ਵੱਲੋਂ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੂੰ ਸੌਂਪਿਆ ਗਿਆ। ਇਸ ਮੌਕੇ ਦਰਬਾਰ ਸ਼੍ਰੀ ਪੰਡੋਰੀ ਧਾਮ ਦੇ ਮਹੰਤ ਰਘੁਬੀਰ ਦਾਸ ਨੇ ਕਿਹਾ ਕਿ ਹੜ੍ਹਾਂ ਕਾਰਨ ਪੰਜਾਬ ਦੇ ਕਈ ਇਲਾਕੇ ਪ੍ਰਭਾਵਤ ਹੋਏ ਹਨ ਅਤੇ ਜਿਹੜੇ ਪਰਿਵਾਰਾਂ ਨੂੰ ਹੜ੍ਹਾਂ ਕਾਰਨ ਨੁਕਸਾਨ ਹੋਇਆ ਹੈ ਉਨ੍ਹਾਂ ਦੀ ਮਦਦ ਕਰਨ ਲਈ ਸਾਨੂੰ ਸਾਰਿਆਂ ਨੂੰ ਅੱਗੇ ਆਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹੜ੍ਹ ਪੀੜ੍ਹਤਾਂ ਲਈ ਜੋ ਉਪਰਾਲੇ ਕੀਤੇ ਜਾ ਰਹੇ ਹਨ ਉਹ ਸ਼ਲਾਘਾਯੋਗ ਹਨ ਪਰ ਇਸਦੇ ਨਾਲ ਸਮਾਜ ਦੇ ਹਰ ਸਮਰੱਥ ਵਿਅਕਤੀ ਦਾ ਵੀ ਫਰਜ਼ ਬਣਦਾ ਹੈ ਕਿ ਉਹ ਇਸ ਔਖੀ ਘੜੀ ਵਿੱਚ ਸਾਥ ਦੇਵੇ। ਉਨ੍ਹਾਂ ਕਿਹਾ ਕਿ ਦਰਬਾਰ ਸ਼੍ਰੀ ਪੰਡੋਰੀ ਧਾਮ ਇਸ ਔਖੀ ਘੜ੍ਹੀ ਵਿੱਚ ਪੀੜ੍ਹਤ ਲੋਕਾਂ ਦੇ ਨਾਲ ਹੈ ਅਤੇ ਉਨ੍ਹਾਂ ਵੱਲੋਂ ਰਾਹਤ ਕਾਰਜਾਂ ਲਈ ਆਪਣੇ ਵੱਲੋਂ ਇਹ ਨਿਮਾਣਾ ਜਿਹਾ ਯੋਗਦਾਨ ਪਾਇਆ ਗਿਆ ਹੈ। ਉਨ੍ਹਾਂ ਦਰਬਾਰ ਸ਼੍ਰੀ ਪੰਡੋਰੀ ਧਾਮ ਵੱਲੋਂ ਸਰਬੱਤ ਦੇ ਭਲੇ ਦੀ ਅਰਦਾਸ ਵੀ ਕੀਤੀ। ਇਸ ਮੌਕੇ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਸ਼੍ਰੀ ਰਘੁਬੀਰ ਦਾਸ ਕੋਲੋਂ ਮੁੱਖ ਮੰਤਰੀ ਰਾਹਤ ਕੋਸ਼ ਲਈ 5 ਲੱਖ ਰੁਪਏ ਦਾ ਚੈੱਕ ਹਾਸਲ ਕਰਨ ਉਪਰੰਤ ਦਰਬਾਰ ਸ਼੍ਰੀ ਪੰਡੋਰੀ ਧਾਮ ਦਾ ਧੰਨਵਾਦ ਕੀਤਾ। ਸ਼੍ਰੀ ਬਹਿਲ ਨੇ ਕਿਹਾ ਕਿ ਦਰਬਾਰ ਸ਼੍ਰੀ ਪੰਡੋਰੀ ਧਾਮ ਨੇ ਹਮੇਸ਼ਾਂ ਹੀ ਮਾਨਵਤਾ ਦੀ ਸੇਵਾ ਕੀਤੀ ਹੈ ਅਤੇ ਅੱਜ ਹੜ੍ਹ ਪੀੜ੍ਹਤਾਂ ਦੀ ਮਦਦ ਕਰਕੇ ਦਰਬਾਰ ਨੇ ਆਪਣੀ ਰਿਵਾਇਤ ਨੂੰ ਕਾਇਮ ਰੱਖਿਆ ਹੈ। ਉਨ੍ਹਾਂ ਕਿਹਾ ਕਿ ਉਹ ਮੁੱਖ ਮੰਤਰੀ ਭਗਵੰਤ ਮਾਨ ਅਤੇ ਪੰਜਾਬ ਸਰਕਾਰ ਵੱਲੋਂ ਦਰਬਾਰ ਸ਼੍ਰੀ ਪੰਡੋਰੀ ਧਾਮ, ਮਹੰਤ ਸ੍ਰੀ ਰਘੁਬੀਰ ਦਾਸ ਅਤੇ ਸਮੁੱਚੀ ਸੰਗਤ ਦੇ ਧੰਨਵਾਦ ਕਰਦੇ ਹਨ।

ਸ਼੍ਰੋਮਣੀ ਕਮੇਟੀ ਵੱਲੋਂ ਹਲਕਾ ਧਾਰੀਵਾਲ ਅੰਦਰ ਲਗਾਇਆ 15ਵਾਂ ਗੁਰਮਤਿ ਕੈਂਪ ਸਮਾਪਤ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਹਲਕਾ ਧਾਰੀਵਾਲ ਅੰਦਰ ਐਸਜੀਪੀਸੀ ਮੈਂਬਰ ਬੀਬੀ ਜਸਬੀਰ ਕੌਰ ਜਫਰਵਾਲ ਦੇ ਸਹਿਯੋਗ ਨਾਲ ਲਗਾਏ ਗਏ ਹਫਤਾਵਾਰੀ ਗੁਰਮਤਿ ਕੈਂਪਾਂ ਦੀ ਲੜੀ ਤਹਿਤ 15ਵਾਂ ਗੁਰਮਤਿ ਕੈਂਪ ਪਿੰਡ ਬਦੇਸਾਂ ਵਿੱਚ ਲਗਾਇਆ ਗਿਆ। ਇਸ ਕੈਂਪ ਵਿੱਚ 40 ਬੱਚਿਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਜਸਬੀਰ ਕੌਰ ਜਫਰਵਾਲ ਅਤੇ ਪ੍ਰਚਾਰਕ ਭਾਈ ਜਗਰੂਪ ਸਿੰਘ ਕਲਿਆਣਪੁਰ ਨੇ ਦੱਸਿਆ ਕਿ 7 ਜੁਲਾਈ ਤੋਂ 19 ਜੁਲਾਈ ਤੱਕ ਲਗਾਏ ਕੈਂਪ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾਈਆਂ ਗਈਆਂ ਜਿਸ ਦੌਰਾਨ ਧਰਮ ਪ੍ਰਚਾਰ ਕਮੇਟੀ ਦੇ ਪ੍ਰਚਾਰਕਾਂ ਵਲੋਂ ਬੱਚਿਆਂ ਨੂੰ ਸਿੱਖ ਧਰਮ ਦੀ ਮੁੱਢਲੀ ਸਿੱਖਿਆ ਦੇਣ ਤੋਂ ਇਲਾਵਾ ਸਿੱਖ ਇਤਿਹਾਸ ਅਤੇ ਗੁਰਬਾਣੀ ਦੀ ਜਾਣਕਾਰੀ ਦਿੱਤੀ ਗਈ। ਕੈਂਪ ਦੇ ਅੱਜ ਸਮਾਪਤੀ ਸਮਾਗਮ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੈਂਪ 'ਚ ਭਾਗ ਲੈਣ ਵਾਲੇ ਬੱਚਿਆਂ ਨੂੰ ਮੈਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬੀਬੀ ਜਸਬੀਰ ਕੌਰ ਜਫਰਵਾਲ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਭਾਈ ਰਣਜੀਤ ਸਿੰਘ ਕਲਿਆਣਪੁਰ ਮੈਨੇਜਰ ਇਤਿਹਾਸਕ ਗੁਰਦੁਆਰਾ ਬੁਰਜ ਸਾਹਿਬ ਧਾਰੀਵਾਲ, ਬਾਬਾ ਸੂਬਾ ਸਿੰਘ ਬਦੇਸਾ, ਭਾਈ ਜਗਰੂਪ ਸਿੰਘ ਕਲਿਆਣਪੁਰ, ਭਾਈ ਗੁਰਵਿੰਦਰ ਸਿੰਘ ਵੜੈਚ, ਬੀਬੀ ਰਾਜਬੀਰ ਕੌਰ ਆਦਿ ਸਮੇਤ ਹੋਰ ਸੰਗਤਾਂ ਵੀ ਹਾਜ਼ਰ ਸਨ।

ਸਕੂਲ ਆਫ ਐਮੀਨੈਂਸ ਜੰਡਿਆਲਾ ਗੁਰੂ ਦੇ ਨਵੀਨੀਕਰਨ ਦਾ ਰੱਖਿਆ ਨੀਂਹ ਪੱਥਰ

ਸਿੱਖਿਆ ਦੇ ਖੇਤਰ 'ਚ ਪੰਜਾਬ ਹੁਣ ਬਣੇਗਾ ਨੰਬਰ ਇੱਕ ਸੂਬਾ : ਈ ਟੀ ਓ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਪੰਜਾਬ ਸਰਕਾਰ ਵੱਲੋਂ 'ਸਕੂਲ ਆਫ ਐਮੀਨੈਂਸ' ਨੂੰ ਹੋਣਹਾਰ ਵਿਦਿਆਰਥੀਆਂ ਦੇ ਸੁਨਹਿਰੀ ਭਵਿੱਖ ਲਈ ਚਾਨਣ ਮੁਨਾਰਾ ਬਣਾਇਆ ਜਾਵੇਗਾ ਅਤੇ ਹੁਣ ਪੰਜਾਬ ਸਹੀ ਮਾਅਨਿਆਂ ਵਿਚ ਸਿੱਖਿਆ ਦੇ ਖੇਤਰ ਵਿਚ ਨੰਬਰ ਇਕ ਸੂਬਾ ਬਣ ਕੇ ਉਭਰੇਗਾ।

ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਰਭਜਨ ਸਿੰਘ ਈਟੀਓ ਬਿਜਲੀ ਅਤੇ ਲੋਕ ਨਿਰਮਾਣ ਮੰਤਰੀ ਪੰਜਾਬ ਨੇ ਜੰਡਿਆਲਾ ਗੁਰੂ ਵਿਖੇ 'ਸਕੂਲ ਆਫ ਐਮੀਨੈਂਸ' ਦੀ ਇਮਾਰਤ ਦੇ ਨਵੀਨੀਕਰਨ ਦਾ ਨੀਂਹ ਪੱਥਰ ਰੱਖਣ ਸਮੇਂ ਕੀਤਾ। ਉਨ੍ਹਾਂ ਦੱਸਿਆ ਕਿ ਪਹਿਲੇ ਫੇਜ਼ ਵਿੱਚ ਇਸ ਸਕੂਲ ਵਿੱਚ 1 ਕਰੋੜ ਰੁਪਏ ਲੱਗ ਚੁੱਕੇ ਹਨ ਅਤੇ ਹੁਣ ਦੂਜੇ ਫੇਜ਼ ਵਿੱਚ 60 ਲੱਖ ਰੁਪਏ ਖਰਚ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਦੂਜੇ ਫੇਜ਼ ਵਿੱਚ ਕਮਰਿਆਂ ਵਿੱਚ ਟਾਈਲਾਂ ਅਤੇ ਬਰਾਂਡਿਆਂ ਵਿੱਚ ਗਰੀਨ ਮਾਰਬਲ ਲਗਾਇਆ ਜਾਵੇਗਾ। ਸ: ਈ.ਟੀ.ਓ. ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਸਿੱਖਿਆ ਵਰਗੇ ਖੇਤਰਾਂ ਨੂੰ ਪੂਰੀ ਤਰ੍ਹਾਂ ਅਣਗੌਲਿਆ ਕੀਤਾ ਜਿਸ ਨਾਲ ਸਾਡੇ ਹਜ਼ਾਰਾਂ ਬੱਚਿਆਂ ਨੂੰ ਪੜ੍ਹਾਈ ਲਈ ਅੱਗੇ ਵਧਣ ਦੇ ਮੌਕੇ ਨਸੀਬ ਨਹੀਂ ਹੋਏ।

ਲੋਕ ਨਿਰਮਾਣ ਮੰਤਰੀ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਸੂਬੇ ਵਿੱਚ ਸਿੱਖਿਆ ਅਤੇ ਸਿਹਤ ਨੂੰ ਵਿਸ਼ਵ ਦੇ ਹਾਣ ਦਾ ਬਣਾਉਣ ਦਾ ਪ੍ਰਣ ਕੀਤਾ ਹੈ ਅਤੇ ਉਹ ਸਮਾਂ ਦੂਰ ਨਹੀਂ ਜਦੋਂ ਪੰਜਾਬ ਫਿਰ ਰੰਗਲਾ ਪੰਜਾਬ ਬਣੇਗਾ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ 'ਸਕੂਲ ਆਫ ਐਮੀਨੈਂਸ' ਦੇ ਸਾਰੇ ਕੰਮ ਮਿੱਥੇ ਸਮੇਂ ਅੰਦਰ ਮੁਕੰਮਲ ਹੋਣੇ ਚਾਹੀਦੇ ਹਨ ਅਤੇ ਕੰਮ ਦੀ ਗੁਣਵੱਤਾ ਦਾ ਵਿਸ਼ੇਸ਼ ਤੌਰ ਤੇ ਧਿਆਨ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਇਨਾਂ ਸਕੂਲਾਂ ਵਿਚੋਂ ਹੀ ਪੰਜਾਬ ਦਾ ਭਵਿੱਖ ਨਿਕਲਣਾ ਹੈ ਅਤੇ ਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਚੰਗੀ ਸਿੱਖਿਆ ਦੇਈਏ। ਉਨ੍ਹਾਂ ਕਿਹਾ ਕਿ 'ਸਕੂਲ ਆਫ ਐਮੀਨੈਂਸ' ਦੇ ਵਿਦਿਆਰਥੀ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਦੇਸ਼ ਦੇ ਬਾਕੀ ਬੱਚਿਆਂ ਨੂੰ ਪਛਾੜ ਕੇ ਚੰਗੇ ਰੈਂਕ ਹਾਸਲ ਕਰਨਗੇ। ਇਸ ਮੌਕੇ ਮੈਡਮ ਸੁਹਿੰਦਰ ਕੌਰ, ਜ਼ਿਲ੍ਹਾ ਸਿੱਖਿਆ ਅਧਿਕਾਰੀ ਸੁਸ਼ੀਲ ਤੁਲੀ, ਪ੍ਰਿੰਸੀਪਲ ਜਤਿੰਦਰ ਕੌਰ, ਜ਼ਿਲ੍ਹਾ ਕੋਆਰਡੀਨੇਟਰ ਜਸਬੀਰ ਸਿੰਘ ਗਿੱਲ, ਸੁਖਵਿੰਦਰ ਸਿੰਘ, ਸਤਿੰਦਰ ਸਿੰਘ, ਨਰੇਸ਼ ਪਾਠਕ, ਸਰਬਜੀਤ ਡਿੰਪੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।

ਮਨੀਪੁਰ 'ਚ ਵਾਪਰੇ ਹੌਲਨਾਕ ਕਾਂਡ ਦੀ ਚੇਅਰਮੈਨ ਪੰਨੂੰ ਵੱਲੋਂ ਸਖਤ ਨਿਖੇਧੀ

ਫਤਿਹਗੜ੍ਹ ਚੂੜੀਆਂ, (ਜਸਦੇਵ ਮਾਨ)-ਪੰਜਾਬ ਪਨਸਪ ਦੇ ਚੇਅਰਮੈਨ ਅਤੇ ਵਿਧਾਨ ਸਭਾ ਹਲਕਾ ਫਤਿਹਗੜ੍ਹ ਚੂੜੀਆਂ ਦੇ ਇੰਚਾਰਜ ਬਲਬੀਰ ਸਿੰਘ ਪਨੂੰ ਨੇ ਮਨੀਪੁਰ ਵਿਚ ਦੋ ਔਰਤਾਂ ਉਤੇ ਜਿਨਸੀ ਹਮਲੇ ਦੀ ਵਾਪਰੀ ਘਿਨਾਉਣੀ ਕਾਰਵਾਈ ਉਤੇ ਦੁੱਖ ਜ਼ਾਹਰ ਕਰਦਿਆਂ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਜਾਰੀ ਬਿਆਨ ਵਿਚ ਚੇਅਰਮੈਨ ਪਨੂੰ ਨੇ ਕਿਹਾ ਕਿ ਇਹ ਬਹੁਤ ਮੰਦਭਾਗੀ ਗੱਲ ਹੈ ਕਿ ਬੇਸਹਾਰਾ ਔਰ

ਨਵਾਂ ਜ਼ਮਾਨਾ
ਸੋਮਵਾਰ, 24 ਜੁਲਾਈ 2023

ਨਿਆਂਇਕ ਵਿਵਸਥਾ 'ਚ ਵਿਤਕਰੇਬਾਜ਼ੀ

ਕੇਂਦਰੀ ਕਾਨੂੰਨ ਮੰਤਰੀ ਅਰਜੁਨ ਮੇਘਵਾਲ ਨੇ 21 ਜੁਲਾਈ ਨੂੰ ਲੋਕ ਸਭਾ ਵਿਚ ਜਾਣਕਾਰੀ ਦਿੱਤੀ ਕਿ ਦੇਸ਼ ਦੀਆਂ ਵੱਖ-ਵੱਖ ਹਾਈ ਕੋਰਟਾਂ ਵਿਚ 2018 ਤੋਂ ਲੈ ਕੇ 17 ਜੁਲਾਈ 2023 ਤੱਕ 604 ਜੱਜਾਂ ਦੀਆਂ ਨਿਯੁਕਤੀਆਂ ਹੋਈਆਂ, ਜਿਨ੍ਹਾਂ ਵਿਚ ਓ ਬੀ ਸੀ ਤੋਂ 72, ਐੱਸ ਸੀ ਤੋਂ 18, ਐੱਸ ਟੀ ਤੋਂ 9 ਤੇ ਘੱਟ ਗਿਣਤੀਆਂ ਤੋਂ 34 ਜੱਜ ਬਣੇ। ਇਸ ਤਰ੍ਹਾਂ ਦੇਸ਼ ਦੀ 85 ਫੀਸਦੀ ਆਬਾਦੀ ਵਿੱਚੋਂ ਕੁੱਲ 133 ਗੈਰ-ਸਵਰਨ ਜੱਜਾਂ ਦੀ ਨਿਯੁਕਤੀ ਹੋਈ, ਜੋ ਕੁੱਲ ਨਿਯੁਕਤੀਆਂ ਦਾ ਸਿਰਫ 22 ਫੀਸਦੀ ਹਨ। ਬਾਕੀ 15 ਫੀਸਦੀ ਸਵਰਨ ਆਬਾਦੀ ਵਿੱਚੋਂ 454 ਜੱਜਾਂ ਯਾਨਿ ਕਿ 78 ਫੀਸਦੀ ਜੱਜਾਂ ਦੀਆਂ ਨਿਯਕੁਤੀਆਂ ਹੋਈਆਂ। ਇਕ ਜਮਹੂਰੀ ਦੇਸ਼ ਦੀ ਨਿਆਂਪਾਲਿਕਾ ਦਾ ਇਸ ਤੋਂ ਅਨਿਆਂਇਕ ਚਿਹਰਾ ਹੋਰ ਕੀ ਹੋ ਸਕਦਾ ਹੈ?

ਡਾ. ਅੰਬੇਡਕਰ ਦੀ ਪੂਰੀ ਲੜਾਈ ਵਰਣਵਾਦੀ ਵਿਵਸਥਾ 'ਚ ਦਲਿਤਾਂ ਪ੍ਰਤੀ ਅਨਿਆਂ, ਨਜ਼ਰਅੰਦਾਜ਼ੀ ਤੇ ਸ਼ੋਸ਼ਣ ਖਿਲਾਫ ਰਹੀ। ਉਮੀਦ ਸੀ ਕਿ ਆਜ਼ਾਦੀ ਦੇ ਬਾਅਦ ਸਥਿਤੀ ਬਦਲੇਗੀ, ਪਰ ਅਜਿਹਾ ਨਹੀਂ ਹੋਇਆ। ਅਜ਼ਾਦੀ ਦੇ ਬਾਅਦ ਅਦਾਲਤਾਂ ਵਿਚ ਵੰਚਿਤਾਂ ਨੂੰ ਥਾਂ ਦੇਣ 'ਤੇ ਕਦੇ ਵਿਚਾਰ ਨਹੀਂ ਹੋਇਆ। ਨਿਯੁਕਤੀਆਂ ਵਿਚ ਰਿਜ਼ਰਵੇਸ਼ਨ ਦਾ ਕੋਈ ਵਿਧਾਨ ਲਾਗੂ ਨਹੀਂ ਹੋਇਆ। ਨਿਆਂਪਾਲਿਕਾ ਵਿਚ ਨਿਯੁਕਤੀਆਂ ਦੀ ਜਿਹੜੀ ਪ੍ਰਕਿਰਿਆ ਕਾਇਮ ਕੀਤੀ ਗਈ, ਉਸ ਵਿਚ ਵੰਚਿਤਾਂ ਨੂੰ ਬਣਦੀ ਥਾਂ ਮਿਲਣੀ ਹੀ ਨਹੀਂ ਸੀ।

ਤਿੰਨ ਦਹਾਕੇ ਪਹਿਲਾਂ ਕਰੀਆ ਮੁੰਡਾ ਕਮੇਟੀ ਦੀ ਰਿਪੋਰਟ ਵਿਚ ਦੱਸਿਆ ਗਿਆ ਸੀ ਕਿ ਇਕ ਜਨਵਰੀ 1993 ਤੱਕ 18 ਹਾਈ ਕੋਰਟਾਂ ਵਿੱਚੋ 12 ਵਿਚ ਇਕ ਵੀ ਐੱਸ ਸੀ ਜੱਜ ਨਹੀਂ ਸੀ ਤੇ 14 ਹਾਈ ਕੋਰਟਾਂ ਵਿਚ ਇਕ ਵੀ ਐੱਸ ਟੀ ਜੱਜ ਨਹੀਂ ਸੀ। ਇਕ ਮਈ 1998 ਦੀ ਰਿਪੋਰਟ ਅਨੁਸਾਰ ਵੀ ਸਥਿਤੀ 'ਚ ਖਾਸ ਸੁਧਾਰ ਨਹੀਂ ਹੋਇਆ ਅਤੇ ਹਾਈ ਕੋਰਟਾਂ ਦੇ ਕੁੱਲ 481 ਜੱਜਾਂ ਵਿੱਚੋਂ ਸਿਰਫ 15 ਐੱਸ ਸੀ ਤੇ 5 ਐੱਸ ਟੀ 'ਚੋਂ ਨਿਯੁਕਤ ਹੋਏ। 2011 ਵਿਚ 21 ਹਾਈ ਕੋਰਟਾਂ ਵਿਚ ਕੁੱਲ 850 ਜੱਜ ਸਨ, ਪਰ 14 ਵਿਚ ਇਕ ਵੀ ਐੱਸ ਸੀ ਤੇ ਐੱਸ ਟੀ ਜੱਜ ਨਹੀਂ ਸੀ। ਸੁਪਰੀਮ ਕੋਰਟ ਦੇ ਕੁੱਲ 31 ਵਿੱਚੋਂ ਇਕ ਵੀ ਐੱਸ ਸੀ ਤੇ ਐੱਸ ਟੀ ਵਿੱਚੋਂ ਨਹੀਂ ਸੀ। ਇਨ੍ਹਾਂ ਵਰਗਾਂ ਨੂੰ ਅਦਾਲਤਾਂ ਵਿਚ ਬਣਦੀ ਨੁਮਾਇੰਦਗੀ ਨਾ ਮਿਲਣ ਦਾ ਹੀ ਨਤੀਜਾ ਹੈ ਕਿ ਵੰਚਿਤ ਹੋਰ ਹਾਸ਼ੀਏ 'ਤੇ ਧੱਕੇ ਜਾ ਰਹੇ ਹਨ। ਜਦੋਂ ਤੱਕ ਸਾਰੇ ਸਮਾਜੀ ਭਾਈਚਾਰਿਆਂ ਵਿੱਚੋਂ ਉਨ੍ਹਾਂ ਦੀ ਆਬਾਦੀ ਦੇ ਹਿਸਾਬ ਨਾਲ ਨਿਯੁਕਤੀਆਂ ਨਹੀਂ ਹੋਣਗੀਆਂ ਜਾਂ ਅਨੁਪਾਤ 'ਚ ਘੱਟ ਹੋਣਗੀਆਂ, ਉਸੇ ਅਨੁਪਾਤ 'ਚ ਉਨ੍ਹਾਂ ਨਾਲ ਵਿਤਕਰਾ ਤੇ ਅਨਿਆਂ ਹੁੰਦਾ ਰਹੇਗਾ। ਸਮਾਜੀ ਅਨਿਆਂ ਤੇ ਨਿਆਂ ਦਾ ਇਹੀ ਸਮਾਜ ਸ਼ਾਸਤਰ ਹੈ। ਇਹ ਗੱਲ ਦੇਸ਼ ਦੇ ਕੁੱਲ ਸਾਧਨਾਂ 'ਤੇ ਕਬਜ਼ਾ ਬਣਾਈ ਰੱਖਣ, ਅਹੁਦੇ ਹਥਿਆਉਣ, ਅਪਰਾਧੀਆਂ ਨੂੰ ਬਚਾਉਣ ਤੇ ਆਰਥਕ ਨਾਬਰਾਬਰੀ ਵਧਣ ਆਦਿ ਵਿਚ ਸਪੱਸ਼ਟ ਦਿਖਾਈ ਦਿੰਦੀ ਹੈ। ਵਕਤ ਦਾ ਤਕਾਜ਼ਾ ਹੈ ਕਿ ਜਮਹੂਰੀਅਤ ਦੀ ਬੁਨਿਆਦ ਨੂੰ ਬਚਾਉਣ ਤੇ ਬਰਾਬਰੀ ਵਾਲਾ ਸ਼ਾਸਨ ਕਾਇਮ ਕਰਨ ਲਈ ਨਿਆਂਇਕ ਤੰਤਰ ਵਿਚ ਵੰਚਿਤਾਂ ਨੂੰ ਢੁਕਵੀਂ ਨੁਮਾਇੰਦਗੀ ਲਾਜ਼ਮੀ ਬਣਾਈ ਜਾਏ।

ਵੱਧ ਤੋਂ ਵੱਧ ਰੁੱਖ ਲਗਾਉਣਾ ਸਮੇਂ ਦੀ ਲੋੜ

ਡਾ. ਮਨਦੀਪ ਸਿੰਘ ਜੰਜੂਆ

ਧਰਤੀ ਉੱਤੇ ਤਪਸ਼ ਵਧ ਰਹੀ ਹੈ। ਗਲੇਸ਼ੀਅਰ ਪਿਘਲ ਰਹੇ ਹਨ। ਓਜ਼ੋਨ ਪਰਤ ਵਿੱਚ ਛੇਕ ਹੋ ਰਹੇ ਹਨ, ਭਾਵ ਕਿ ਮਨੁੱਖ ਦੇ ਕੁਦਰਤ ਵਿਰੋਧੀ ਕਾਰ ਵਿਹਾਰ ਨੇ ਆਪਣੇ ਹੀ ਜੀਵਨ ਲਈ ਸਮੱਸਿਆਵਾਂ ਖੜ੍ਹੀਆਂ ਕਰ ਲਈਆਂ ਹਨ। ਸੂਚਨਾ ਤਕਨਾਲੋਜੀ ਅਤੇ ਬਾਜ਼ਾਰਵਾਦੀ ਮਹੌਲ ਨੇ ਆਪਣੇ ਮੁਨਾਫ਼ੇ ਅਤੇ ਚੌਧਰ ਲਈ ਕੁਦਰਤੀ ਸਾਧਨ, ਸੋਮਿਆਂ ਦੀ ਖੂਬ ਲੁੱਟ ਮਚਾਈ ਹੋਈ ਹੈ। ਹਵਾ, ਪਾਣੀ ਅਤੇ ਮਿੱਟੀ ਸਭ ਪ੍ਰਦੂਸ਼ਤ ਹੋਏ ਹਨ। ਗ੍ਰੀਨ ਹਾਊਸ ਗੈਸਾਂ ਅਤੇ ਹੋਰ ਹਾਨੀਕਾਰਕ ਪਦਾਰਥਾਂ ਦਾ ਨਿਰੰਤਰ ਵਾਧਾ ਵਾਤਾਵਰਣ ਨੂੰ ਵਿਗਾੜ ਰਿਹਾ ਹੈ, ਜਿਸ ਕਰਕੇ ਮੌਸਮਾਂ ਵਿੱਚ ਤਬਦੀਲੀ ਆ ਰਹੀ ਹੈ। ਜਿਸ ਲਈ ਅਨੁਕੂਲ ਵਾਤਾਵਰਣ ਦਾ ਸੰਤੁਲਨ ਵਿਗੜ ਰਿਹਾ ਹੈ, ਕੰਕਰੀਟ ਦਾ ਜੰਗਲ ਉਸਾਰਨ ਲਈ ਅਸੀਂ ਲੱਖਾਂ ਦੀ ਗਿਣਤੀ ਵਿੱਚ ਰੁੱਖ ਪੁੱਟ ਦਿੱਤੇ ਹਨ। ਸੜਕਾਂ ਚੌੜੀਆਂ ਕਰਨ, ਬਿਲਡਿੰਗਾਂ ਉਸਾਰਨ ਅਤੇ ਖੇਤਾਂ ਵਿੱਚੋਂ ਰੁੱਖਾਂ ਦਾ ਖਾਤਮਾ ਕੀਤਾ ਗਿਆ ਹੈ, ਜਦੋਂ ਕਿ ਮਨੁੱਖੀ ਜ਼ਿੰਦਗੀ ਇਹਨਾਂ ਰੁੱਖਾਂ ਦੁਆਰਾ ਦਿੱਤੀ ਆਕਸੀਜਨ ਦੁਆਰਾ ਹੀ ਚਲਦੀ ਹੈ। ਵਾਤਾਵਰਣ ਪ੍ਰਦੂਸ਼ਣ ਨੂੰ ਰੋਕਣ ਵਿੱਚ ਰੁੱਖ ਅਹਿਮ ਭੂਮਿਕਾ ਨਿਭਾਉਂਦੇ ਹਨ। ਮੌਸਮੀ ਚੱਕਰ ਨੂੰ ਸਹੀ ਰੱਖਣ, ਤਪਸ਼ ਨੂੰ ਘਟਾਉਣ ਵਿੱਚ ਪੇੜ-ਪੌਦਿਆਂ ਦਾ ਅਹਿਮ ਯੋਗਦਾਨ ਹੈ। ਰੁੱਖ ਪੰਛੀਆਂ ਦਾ ਰੈਣ ਬਸੇਰਾ ਹਨ, ਇਹਨਾਂ ਤੋਂ ਹੀ ਫ਼ਲ, ਫੁੱਲ, ਆਦਿਕ ਕਈ ਲੋੜੀਂਦੀਆਂ ਵਸਤਾਂ ਮਿਲਦੀਆਂ ਹਨ। ਇਹ ਮਿੱਟੀ ਨੂੰ ਖੁਰਨ ਤੋਂ ਬਚਾਉਂਦੇ ਹਨ ਅਤੇ ਹੜ੍ਹਾਂ ਨੂੰ ਆਉਣ ਤੋਂ ਰੋਕਦੇ ਹਨ। ਰੁੱਖਾਂ ਦੀਆਂ ਟਾਹਣੀਆਂ ਅਤੇ ਲੱਕੜ ਖਾਣਾ ਬਣਾਉਣ ਦੇ ਕੰਮ ਆਉਂਦੀ ਹੈ। ਇਹਨਾਂ ਦੀ ਵਰਤੋਂ ਕਈ ਤਰ੍ਹਾਂ ਦੀਆਂ ਦਵਾਈਆਂ ਬਣਾਉਣ ਲਈ ਕੀਤੀ ਜਾਂਦੀ ਹੈ। ਦਰੱਖਤਾਂ ਤੋਂ ਪ੍ਰਾਪਤ ਲੱਕੜ ਨਾਲ ਹੀ ਸਾਡੇ ਘਰਾਂ ਦਾ ਸਾਜ਼ੋ-ਸਮਾਨ ਤਿਆਰ ਹੁੰਦਾ ਹੈ।

ਧਰਤੀ ਜੀਵਨ ਧਾਰਾ ਦੀ ਬਾਇਓਡਿਵਰਸਟੀ ਵਿੱਚ ਰੁੱਖਾਂ ਚ ਬਹੁਮੁੱਲਾ ਸਥਾਨ ਹੈ। ਸਭ ਤੋਂ ਵੱਡਾ ਫਾਇਦਾ ਹੈ ਕਿ ਰੁੱਖ ਵਾਤਾਵਰਣ ਵਿੱਚੋਂ ਕਾਰਬਨ ਡਾਈਆਕਸਾਇਡ ਸੋਖ ਕੇ ਆਕਸੀਜਨ ਦਿੰਦੇ ਹਨ। ਰੁੱਖ ਸਾਨੂੰ ਅਲਟਰਾ ਵਾਇਓਲਟ ਕਿਰਨਾਂ ਤੋਂ ਵੀ ਬਚਾਉਂਦੇ ਹਨ। ਧਰਤੀ ਉੱਤੇ ਸੁੰਦਰਤਾ ਵਧਾਉਣ ਵਿੱਚ ਵੀ ਹਰਿਆਵਲ ਲੋੜੀਂਦੀ ਹੈ। ਮਨੁੱਖ ਦੇ ਜਨਮ ਤੋਂ ਲੈ ਕੇ ਮਰਨ ਤੱਕ ਰੁੱਖ ਸਾਥ ਨਿਭਾਉਂਦੇ ਹਨ। ਰੁੱਖਾਂ ਤੋਂ ਬਿਨਾਂ ਜੀਵਨ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਜੇ ਹਰਿਆਵਲ ਹੀ ਨਾ ਰਹੀ ਤਾਂ ਇਹ ਤਪ੍ਰਤ-ਤਾਜ ਵੀ ਕਿਸੇ ਕੰਮ ਦੇ ਨਹੀਂ ਹੋਣਗੇ। ਸਮਾਂ ਆ ਗਿਆ ਹੈ ਕਿ ਅਸੀਂ ਸਾਰੇ ਹੁਣ ਵੱਧ ਤੋਂ ਵੱਧ ਰੁੱਖ ਲਗਾਈਏ। ਜੰਗਲਾਤ ਹੇਠ 33 ਫੀਸਦੀ ਰਕਬਾ ਚਾਹੀਦਾ ਹੈ, ਪਰ ਇਸ ਸਮੇਂ ਇਸ ਦੇ ਅੱਧੇ ਰਕਬੇ ਵਿੱਚ ਵੀ ਜੰਗਲਾਤ ਦਾ ਰਕਬਾ ਨਹੀਂ ਬਣਦਾ। ਸਰਕਾਰ ਰੁੱਖ ਲਗਾਉਣ ਲਈ ਲਹਿਰ ਚਲਾਵੇ। ਰੁੱਖ ਪੁੱਟਣ ਅਤੇ ਖੇਤਾਂ ਵਿੱਚ ਜਲਾਉਣ ਉੱਤੇ ਪਾਬੰਦੀ ਲੱਗੇ। ਧਾਰਮਕ ਅਤੇ ਸਮਾਜਕ ਸੰਸਥਾਵਾਂ ਰੁੱਖ ਲਗਾਓ ਲਹਿਰ ਵਿੱਚ ਵਧ-ਚੜ੍ਹ ਕੇ ਹਿੱਸਾ ਪਾਉਣ। ਖੇਤਾਂ ਵਿੱਚੋਂ ਵੀ ਦਰੱਖਤ ਨਾ ਪੁੱਟੇ ਜਾਣ, ਸਗੋਂ ਅਜਿਹੀਆਂ ਰੁੱਖਾਂ ਦੀਆਂ ਕਿਸਮਾਂ ਹਨ, ਜੋ ਉੱਪਰ ਸਿੱਧਾ ਵਧਦੇ ਹਨ, ਛਾਉਰਾ ਨਹੀਂ ਕਰਦੇ, ਜਿਸ ਨਾਲ ਫ਼ਸਲਾਂ ਦਾ ਕੋਈ ਨੁਕਸਾਨ ਨਹੀਂ ਹੁੰਦਾ। ਦਰਿਆਵਾਂ, ਕਸੀਆਂ, ਸੜਕਾਂ ਦੇ ਕਿਨਾਰੇ ਰੁੱਖ ਲਗਾਏ ਜਾਣ। ਪਿੰਡ ਦੀਆਂ ਪੰਚਾਇਤਾਂ ਲੋੜੀਂਦੇ ਸਥਾਨਾਂ ਉੱਤੇ ਵੱਧ ਤੋਂ ਵੱਧ ਦਰੱਖਤ ਲਗਾਉਣ ਲਈ ਮਨਰੇਗਾ ਸਕੀਮ ਅਧੀਨ ਕਾਮਿਆਂ ਦੀ ਡਿਊਟੀ ਲਗਾਉਣ। ਇਹਨਾਂ ਨੂੰ ਪਾਲਣ ਦਾ ਕੰਮ ਵੀ ਮਨਰੇਗਾ ਸਕੀਮ ਤਹਿਤ ਕਰਵਾਇਆ ਜਾਵੇ। ਸਰਕਾਰ ਸੜਕਾਂ ਦੀਆਂ ਬਰਮਾਂ ਉੱਤੇ ਰੁੱਖ ਲਗਾਉਂਦੀ ਹੈ ਤਾਂ ਕਿਸਾਨ ਇਹਨਾਂ ਨੂੰ ਪੁੱਟ ਦਿੰਦੇ ਹਨ ਜਾਂ ਸਾੜ ਦਿੰਦੇ ਹਨ। ਇਸ ਤਰ੍ਹਾਂ ਕਰਨ ਵਾਲਿਆ ਲਈ ਵੱਡੇ ਜੁਰਮਾਨੇ ਅਤੇ ਸਜ਼ਾ ਹੋਣੀ ਚਾਹੀਦੀ ਹੈ। ਸਿੱਖਿਆ ਸੰਸਥਾਵਾਂ ਵਿੱਚੋਂ ਵਿਦਿਆਰਥੀਆਂ ਨੂੰ ਰੁੱਖ ਲਗਾਉਣ ਲਈ ਪ੍ਰੇਰਿਤ ਕੀਤਾ ਜਾਵੇ। ਜੰਗਲਾਤ ਮਹਿਕਮਾ ਸਰਗਰਮੀ ਵਿੱਚ ਆਵੇ, ਤਾਂ ਹੀ ਜੋ ਵੱਡੀ ਗਿਣਤੀ ਵਿੱਚ ਰੁੱਖਾਂ ਦੀ ਗਿਣਤੀ ਚਾਹੀਦੀ ਹੈ, ਉਸ ਨੂੰ ਪੂਰਾ ਕੀਤਾ ਜਾ ਸਕਦਾ ਹੈ। ਹਰ ਘਰ ਰੁੱਖ ਲਗਾਉਣ ਵਿੱਚ ਆਪਣਾ ਯੋਗਦਾਨ ਦੇਵੇ। ਆਓ ਸਾਰੇ ਧਰਤੀ ਨੂੰ ਹਰਿਆ-ਭਰਿਆ ਕਰਨ ਲਈ ਅਤੇ ਵਾਤਾਵਰਣ ਦੀ ਸ਼ੁੱਧਤਾ ਲਈ ਵੱਧ ਤੋਂ ਵੱਧ ਰੁੱਖ ਲਗਾਈਏ।

ਸੰਪਰਕ : 99146-00690

ਹਿੰਦੂ ਫਾਸ਼ੀਵਾਦ ਤੇ ਜਮਹੂਰੀਅਤ

ਨਰਭਿੰਦਰ

ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ, ਪਰ ਪਹਿਲਾਂ ਨਾਲੋਂ ਅਲੱਗ ਤਰੀਕੇ ਨਾਲ। ਇੱਕ ਪਾਸੇ ਵਿਸ਼ਵ ਪੂੰਜੀਵਾਦ ਦਾ ਗਹਿਰਾ ਸੰਕਟ, ਦੂਸਰੇ ਪਾਸੇ ਅਮੀਰੀ-ਗਰੀਬੀ ਦਾ ਪਾੜਾ ਆਪਣੀ ਸਿਖਰ ਉੱਤੇ। ਇੱਕ ਪਾਸੇ ਸਾਮਰਾਜੀ ਦੇਸ਼ਾਂ ਅੰਦਰ ਫੌਜੀ ਤਣਾਵਾਂ ਦਾ ਸਿਖਰ ਵੱਲ ਵਧਣਾ ਤੇ ਤੀਜੀ ਸੰਸਾਰ ਜੰਗ ਦੀਆਂ ਆਹਟਾਂ ਦੀਆਂ ਕਨਸੋਆਂ। ਇੱਕ ਪਾਸੇ ਜਮਹੂਰੀ ਅਤੇ ਜਮਹੂਰੀਅਤ ਦਾ ਗੁਣਗਾਨ, ਦੂਸਰੇ ਪਾਸੇ ਵਿਸ਼ਵ ਪੱਧਰ ਉੱਤੇ ਨਾਗਰਿਕ ਤੇ ਕਿਰਤੀ ਅਧਿਕਾਰਾਂ ਨੂੰ ਖੋਹਣ ਦਾ ਸਿਲਸਿਲਾ। ਇੱਕ ਪਾਸੇ ਲੋਕਤੰਤਰ ਦਾ ਮਖੌਟਾ, ਦੂਸਰੇ ਪਾਸੇ ਪਨਪ ਰਹੀ ਤਾਨਾਸ਼ਾਹੀ 'ਤੇ ਫਾਸ਼ਿਸਟ ਰੁਝਾਨਾਂ ਦਾ ਸਿਰ ਚੁੱਕਣਾ ਇਹ ਵਿਸ਼ਵ-ਵਿਆਪੀ ਵਰਤਾਰਾ ਚੱਲ ਰਿਹਾ ਹੈ।

ਜਿਹੜੇ ਇਤਿਹਾਸ ਤੋਂ ਜਾਣੂੰ ਨੇ, ਉਹ ਜਾਣਦੇ ਨੇ ਕਿ ਜਰਮਨ 'ਚ ਹਿਟਲਰ ਨੇ ਕੋਈ ਤਖਤਾ ਨਹੀਂ ਪਲਟਿਆ ਸੀ, ਉਹ ਵੀ ਸੰਵਿਧਾਨਕ ਢੰਗ ਨਾਲ ਚੋਣਾਂ ਜਿੱਤ ਕੇ ਸੱਤਾ ਉੱਤੇ ਬਿਰਾਜਮਾਨ ਹੋਇਆ ਸੀ। ਇਹ ਨਹੀਂ ਕਿ ਹਿਟਲਰ ਬੜਾ ਸਾਊ ਸੀ, ਉਹਨੇ ਤਖ਼ਤਾ ਪਲਟਣ ਦੀ ਗੱਲ ਕਦੇ ਸੋਚੀ ਹੀ ਨਹੀਂ ਸੀ। ਪਹਿਲਾਂ ਉਹਨੇ ਫ਼ੌਜ ਦੇ ਕੁਝ ਰਿਟਾਇਰਡ ਜਨਰਲਾਂ ਨਾਲ ਮਿਲ ਕੇ 8-9 ਨਵੰਬਰ 1923 ਨੂੰ ਤਖ਼ਤਾ ਪਲਟਣ ਦੀ ਕੋਸ਼ਿਸ਼ ਕੀਤੀ ਸੀ, ਪਰ ਨਾ ਸਿਰਫ਼ ਅਸਫ਼ਲ ਰਿਹਾ, ਸਗੋਂ ਇਸ ਕਾਰਵਾਈ ਨੂੰ ਬੁਰੀ ਤਰ੍ਹਾਂ ਕੁਚਲ ਦਿੱਤਾ ਗਿਆ। ਇਸ ਅਸਫ਼ਲ ਕੋਸ਼ਿਸ਼ ਤੋਂ ਪਿੱਛੋਂ ਹੀ ਹਿਟਲਰ ਨੇ ਤਹਿ ਕੀਤਾ ਕਿ ਉਹ ਚੋਣਾਂ ਦੇ ਰਾਹੀਂ ਹੀ ਸੱਤਾ ਨੂੰ ਹਾਸਲ ਕਰੇਗਾ। ਹਿਟਲਰ ਪਹਿਲੀ ਸੰਸਾਰ ਜੰਗ ਤੋਂ ਪਿੱਛੋਂ ਜਰਮਨ ਵਿੱਚ ਸਥਾਪਤ ਹੋਏ ਬਿਮਾਰ ਲੋਕਤੰਤਰ ਦਾ ਕੱਟੜ ਦੁਸ਼ਮਣ ਸੀ ਅਤੇ ਉਹਨੂੰ ਨਫ਼ਰਤ ਦੀ ਨਿਗ੍ਹਾ ਨਾਲ ਵੇਖਦਾ ਸੀ ਅਤੇ ਜਰਮਨ ਦੀਆਂ ਸਾਰੀਆਂ ਸਮੱਸਿਆਵਾਂ ਲਈ ਉਹ ਇਸੇ ਲੋਕਤੰਤਰ ਨੂੰ ਹੀ ਦੁਸ਼ਮਣ ਮੰਨਦਾ ਸੀ। ਫਿਰ ਵੀ ਉਹਨੇ ਤਹਿ ਕੀਤਾ ਕਿ ਉਹ ਬਿਮਾਰ ਗਣਤੰਤਰ ਵਿੱਚ ਮਿਲੀਆਂ ਬੋਲਣ ਤੇ ਜਥੇਬੰਦ ਹੋਣ ਦੀਆਂ ਆਜ਼ਾਦੀਆਂ ਦੀ ਵਰਤੋਂ ਕਰਕੇ ਲੋਕਾਂ ਵਿੱਚ ਆਪਣੀ ਪਕੜ ਬਣਾਵੇਗਾ ਅਤੇ ਚੋਣਾਂ ਵਿੱਚ ਹਿੱਸਾ ਲੈਂਦਿਆਂ ਸੱਤਾ ਦੇ ਅਖੀਰਲੇ ਡੰਡੇ ਤੱਕ ਪਹੁੰਚੇਗਾ ਤੇ ਇੱਕ ਵਾਰ ਇਸ ਸੱਤਾ 'ਤੇ ਕਾਬਜ਼ ਹੋਣ ਪਿੱਛੋਂ ਇਸ ਨੂੰ ਖ਼ਤਮ ਕਰ ਦੇਵੇਗਾ। ਹਿਟਲਰ ਅਤੇ ਨਾਜ਼ੀਆਂ ਨੇ ਆਪਣੇ ਇਸ ਵਿਚਾਰ ਨੂੰ ਲੁਕੋਇਆ ਵੀ ਨਹੀਂ ਸੀ। ਸੱਤਾ ਵਿੱਚ ਆਉਣ ਤੋਂ ਪਹਿਲਾਂ ਤੱਕ ਉਹ ਇਨ੍ਹਾਂ ਵਿਚਾਰਾਂ ਨੂੰ ਖੁੱਲ੍ਹੇਆਮ ਪ੍ਰਚਾਰਦੇ ਰਹੇ ਅਤੇ 1933 ਵਿੱਚ ਸੱਤਾ 'ਤੇ ਕਾਬਜ਼ ਹੋਣ ਪਿੱਛੋਂ ਇਸ ਨੂੰ ਅਮਲ ਵਿੱਚ ਵੀ ਲਿਆਂਦਾ। ਹਿਟਲਰ ਨੇ ਲੋਕਤੰਤਰ ਦੇ ਰਾਹੀਂ ਹੀ ਲੋਕਤੰਤਰ ਦੀ ਹੱਤਿਆ ਕਰਨ ਦਾ ਰਾਹ ਚੁਣਿਆ ਸੀ ਤੇ ਕੀਤਾ ਵੀ।

ਹਿਟਲਰ ਦੀ ਉਪਰੋਕਤ ਮਿਸਾਲ ਦਾ ਅੱਜ ਸਾਡੇ ਲਈ ਇੱਕ ਖਾਸ ਮਹੱਤਵ ਹੈ। ਹਿੰਦੂਤਵੀ ਫਾਸ਼ਿਸਟ ਜਿਨ੍ਹਾਂ ਦਾ ਹਿਟਲਰ ਪਿਛਲੇ 98 ਸਾਲ ਤੋਂ ਆਦਰਸ਼ ਚਲਿਆ ਆ ਰਿਹਾ ਹੈ, ਇਸੇ ਰਣਨੀਤੀ ਦੀ ਵਰਤੋਂ ਕਰ ਰਹੇ ਹਨ ਅਤੇ ਲੂਲ੍ਹੇ-ਲੰਗੜੇ ਜਾਂ ਅਪਾਹਜ ਲੋਕਤੰਤਰ ਦੇ ਰਾਹੀਂ ਹੀ ਲੋਕਤੰਤਰ ਦੀ ਹੱਤਿਆ ਕਰਨ ਵੱਲ ਕਦਮ-ਬ-ਕਦਮ ਵਧ ਰਹੇ ਹਨ।

ਇਹ ਵੀ ਯਾਦ ਰੱਖੋ ਕਿ ਇੱਕ ਜ਼ਮਾਨੇ ਵਿੱਚ ਹਿੰਦੂਤਵੀ ਫਾਸ਼ਿਸਟ ਆਪਣੇ ਉਦੇਸ਼ਾਂ ਅਤੇ ਤੌਰ-ਤਰੀਕਿਆਂ ਨੂੰ ਲੈ ਕੇ ਓਨੇ ਡਰਪੋਕ ਨਹੀਂ ਸਨ ਜਿੰਨੇ ਅੱਜ ਹਨ। ਆਜ਼ਾਦੀ ਤੋਂ ਪਹਿਲਾਂ ਰਾਸ਼ਟਰੀ ਸੋਇਮ ਸੇਵਕ ਸੰਘ ਦੇ ਆਗੂਆਂ ਵੱਲੋਂ ਖੁਲ੍ਹੇਆਮ ਮੁਸੋਲਿਨੀ ਤੇ ਹਿਟਲਰ ਨੂੰ ਆਪਣਾ ਆਦਰਸ਼ ਦੱਸਿਆ ਤੇ ਪ੍ਰਚਾਰਿਆ ਜਾਂਦਾ ਸੀ। ਉਨ੍ਹਾ ਭਾਰਤ ਵਿੱਚ ਮੁਸਲਮਾਨਾਂ ਨਾਲ ਉਹੋ ਹੀ ਵਿਵਹਾਰ ਕਰਨ ਦਾ ਆਪਣਾ ਇਰਾਦਾ ਸਾਫ਼ ਪ੍ਰਗਟ ਕੀਤਾ ਸੀ, ਜੋ ਉਸ ਸਮੇਂ ਨਾਜ਼ੀ ਜਰਮਨ ਵਿੱਚ ਯਹੂਦੀਆਂ ਨਾਲ ਕਰ ਰਹੇ ਸਨ।

ਫਿਰ ਜਦੋਂ 1947 'ਚ ਸੱਤਾ ਤਬਦੀਲੀ ਪਿੱਛੋਂ ਨਵ ਆਜ਼ਾਦ ਹੋਏ ਭਾਰਤ ਦਾ ਸੰਵਿਧਾਨ ਬਣਿਆ ਤਾਂ ਸੰਘ ਨੇ ਇਹਨੂੰ ਖੁੱਲ੍ਹੇਆਮ ਨਕਾਰਿਆ ਸੀ। ਉਹਨੇ ਸਾਫ਼ ਕਿਹਾ ਸੀ ਕਿ ਭਾਰਤ ਦਾ ਸੰਵਿਧਾਨ ਮਨੂੰ ਸਿਮਰਤੀ ਦੇ ਆਧਾਰ ਉੱਤੇ ਹੋਣਾ ਚਾਹੀਦਾ ਹੈ। ਮਨੂੰ ਸਿਮਰਤੀ ਹੀ ਹੈ, ਜਿਹੜੀ ਵਰਣ ਵਿਵਸਥਾ ਨੂੰ ਸਮਾਜਕ ਵਿਵਸਥਾ ਦਾ ਆਧਾਰ ਬਣਾਉਂਦੀ ਹੈ। ਭਾਵ ਸਾਰਾ ਸਮਾਜਕ, ਰਾਜਨੀਤਕ ਢਾਂਚਾਂ ਵਰਣ ਵਿਵਸਥਾ ਦੇ ਹਿਸਾਬ ਨਾਲ ਹੋਵੇਗਾ।

ਸੰਘ ਅਤੇ ਉਹਦੀ ਅਗਵਾਈ 'ਚ ਕੰਮ ਕਰਦੇ ਕੱਟੜਵਾਦੀ ਸੰਗਠਨਾਂ ਨੂੰ ਇਹ ਜਮਹੂਰੀਅਤ ਸਵੀਕਾਰ ਹੀ ਨਹੀਂ ਸੀ। ਉਹ ਵਰਣ ਵਿਵਸ਼ਥਾ ਉਤੇ ਆਧਾਰਤ ਬ੍ਰਾਹਮਣੀ ਸਮਾਜਿਕ ਵਿਵਸਥਾ ਦੇ ਹਮੈਤੀ ਸਨ ਅਤੇ ਇਸ ਨੂੰ ਉਨ੍ਹਾਂ ਲੁਕੋਇਆ ਵੀ ਨਹੀਂ, ਪਰ ਉਦੋਂ ਵੀ ਉਨ੍ਹਾਂ ਨੂੰ ਇਹ ਸਮਝ 'ਚ ਆ ਗਿਆ ਸੀ ਕਿ ਉਹ ਸੱਤਾ ਵਿੱਚ ਲੋਕਤੰਤਰ ਦੇ ਬਿਨਾਂ ਹੋਰ ਕਿਸੇ ਦੂਸਰੇ ਰਾਹ ਰਾਹੀਂ ਨਹੀਂ ਆ ਸਕਦੇ ਅਤੇ ਬਿਨਾਂ ਸੱਤਾ ਉਤੇ ਕਾਬਜ਼ ਹੋਏ ਉਹ ਆਪਣਾ ਬ੍ਰਾਹਮਣੀ ਹਿੰਦੂ ਰਾਸ਼ਟਰ ਕਾਇਮ ਨਹੀਂ ਕਰ ਸਕਦੇ ਹਨ। ਇਸ ਲਈ ਉਨ੍ਹਾਂ ਲੋਕਤੰਤਰ ਭਾਵ ਜਮਹੂਰੀਅਤ ਦੇ ਰਾਹ ਨ

24-JULY-PAGE-5.qxd 7/23/2023 10:23 PM Page 1

ਇਨਕਲਾਬੀ ਜਥੇਬੰਦੀਆਂ ਵੱਲੋਂ ਮਨੀਪੁਰ 'ਚ ਔਰਤਾਂ ਦੀ ਬੇਪਤੀ ਵਿਰੁੱਧ ਰੋਸ ਪ੍ਰਦਰਸ਼ਨ

■ ਕੇਂਦਰ ਤੇ ਰਾਜ ਸਰਕਾਰ ਦੇ ਪੁਤਲੇ ਫੂਕੇ

ਸੰਗਰੂਰ (ਪ੍ਰਵੀਨ ਸਿੰਘ)-ਜਮਹੂਰੀ ਅਧਿਕਾਰ ਸਭਾ ਸੰਗਰੂਰ ਦੀ ਅਗਵਾਈ ਵਿੱਚ ਇਲਾਕੇ ਦੀਆਂ ਜਨਤਕ, ਜਮਹੂਰੀ ਤੇ ਇਨਕਲਾਬੀ ਜਥੇਬੰਦੀਆਂ ਵੱਲੋਂ ਰੋਹ ਭਰਭੂਰ ਮੁਜ਼ਾਹਰਾ ਕਰਦਿਆਂ ਮਨੀਪੁਰ ਵਿੱਚ ਵਾਪਰ ਰਹੀਆਂ ਹਿਰਦੇ ਵੇਦਕ ਗੈਰ-ਮਨੁੱਖੀ, ਸੰਵਿਧਾਨ ਦੀਆਂ ਧੱਜੀਆਂ ਉਡਾਉਂਦੀਆਂ ਘਟਨਾਵਾਂ ਖਿਲਾਫ ਕੇਂਦਰ ਤੇ ਰਾਜ ਸਰਕਾਰ ਦੇ ਪੁਤਲੇ ਫੂਕੇ ਗਏ। ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪਿਛਲੇ 77 ਦਿਨਾਂ ਤੋਂ ਮਨੀਪੁਰ ਵਿੱਚ ਦੋ ਕਬੀਲਾਈ ਫਿਰਕਿਆਂ ਵਿੱਚ ਤਣਾਅ ਕੇਂਦਰ ਤੇ ਰਾਜ ਸਰਕਾਰ ਦੀਆਂ ਗੈਰ-ਜ਼ੁੰਮੇਵਾਰਨਾ ਕਾਰਵਾਈਆਂ ਅਤੇ ਸ਼ਹਿ 'ਤੇ ਇਸ ਕਾਗਾਰ 'ਤੇ ਪਹੁੰਚ ਗਿਆ ਕਿ ਔਰਤਾਂ ਨੂੰ ਨਿਰਵਸਤਰ ਕਰਕੇ ਘੁਮਾਇਆ ਗਿਆ ਤੇ ਮਨੂੰ ਸਿਮਰਤੀ ਲਾਗੂ ਕਰਨ ਵਾਲੀਆਂ ਤਾਕਤਾਂ ਨੇ ਬਿਨਾਂ ਕਿਸੇ ਡਰ-ਭੈਅ ਤੋਂ ਵੀਡੀਓ ਬਣਾ ਕੇ ਵਾਇਰਲ ਵੀ ਕੀਤੀ। ਮੁੱਖ ਮੰਤਰੀ ਵੱਲੋਂ ਅਜਿਹੀਆਂ ਅਨੇਕਾਂ ਘਟਨਾਵਾਂ ਦਾ ਹੋਣ ਨੂੰ ਮੰਨਣਾ ਸੂਬੇ ਦੇ ਲੋਕਾਂ 'ਤੇ ਹੋਏ ਅੰਤਾਂ ਦੇ ਅਣਮਨੁੱਖੀ, ਕਹਿਰ, ਤਸ਼ੱਦਦ 'ਤੇ ਮੋਹਰ ਲਾਉਂਦਾ ਹੈ। ਇਨ੍ਹਾਂ ਵਿੱਚੋਂ ਇਕ ਬੇਪਤ ਕੀਤੀ ਔਰਤ ਦੇ ਪਤੀ ਅਸਾਮ ਰੈਜਮੈਂਟ ਵੱਲੋਂ ਕਾਰਗਿਲ ਦੀ ਲੜਾਈ ਲੜਨ ਵਾਲੇ ਸਾਬਕਾ ਫੌਜੀ ਦੇ ਸ਼ਬਦ ਕਿ "ਉਨ੍ਹਾਂ ਦੇਸ਼ ਨੂੰ ਤਾਂ ਬਚਾ ਲਿਆ, ਪਰ ਆਪਣੇ ਪਿੰਡ ਤੇ ਪਤਨੀ ਦੀ ਬੇਪਤੀ ਨਹੀਂ ਬਚਾ ਸਕਿਆ" ਹਰ ਭਾਰਤੀ ਨਾਗਰਿਕ ਦੇ ਹਿਰਦੇ ਨੂੰ ਵਲੂੰਧਰਦੇ ਹਨ।

ਇਸ ਮੌਕੇ ਜਮਹੂਰੀ ਅਧਿਕਾਰ ਸਭਾ ਦੇ ਨਾਮਦੇਵ ਭੁਟਾਲ, ਕੁਲਦੀਪ ਸਿੰਘ, ਕਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ, ਡੈਮੋਕ੍ਰੇਟਿਕ ਟੀਚਰਜ਼ ਫਰੰਟ ਰਘਬੀਰ ਸਿੰਘ, ਕਮਲਜੀਤ ਸਿੰਘ, ਤਰਕਸ਼ੀਲ ਸੁਸਾਇਟੀ ਪੰਜਾਬ ਪਰਮਵੇਦ, ਮਨਪ੍ਰੀਤ ਛਾਜਲੀ, ਦੇਸ਼ ਭਗਤ ਯਾਦਗਾਰ ਦੇ ਜੁਝਾਰ ਲੌਂਗੋਵਾਲ, ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਬਲਵੀਰ ਲੌਂਗੋਵਾਲ, ਦਾਤਾ ਸਿੰਘ ਨਮੋਲ, ਕਿਰਤੀ ਕਿਸਾਨ ਯੂਨੀਅਨ ਦੇ ਦਰਸ਼ਨ ਕੂਨਰ, ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ), ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਨਾਜਮ ਸਿੰਘ, ਊਧਮ ਸਿੰਘ ਵਿਚਾਰ ਮੰਚ ਸੁਨਾਮ, ਨਾਰੀ ਏਕਤਾ ਮੰਚ ਦੀ ਹਰਪ੍ਰੀਤ ਧੂਰੀ, ਲੋਕ ਚੇਤਨਾ ਮੰਚ ਲਹਿਰਾਗਾਗਾ ਲਛਮਣ ਅਲੀਸ਼ੇਰ, ਟੈਕਨੀਕਲ ਸਰਵਿਸਜ਼ ਯੂਨੀਅਨ ਦੇ ਬਲਜੀਤ ਬਾਲੀਆ, ਪੰਜਾਬ ਖੇਤ ਮਜ਼ਦੂਰ ਸਭਾ ਦੇ ਨਿਰੰਜਣ ਚੁਨਾਗਰਾ, ਸਰਬ ਭਾਰਤ ਨੌਜਵਾਨ ਸਭਾ ਦੇ ਨਵਜੀਤ ਸਿੰਘ, ਏਟਕ ਦੇ ਕਾਮਰੇਡ ਸੁਖਦੇਵ ਸ਼ਰਮਾ, ਸ਼ਹੀਦ ਭਗਤ ਸਿੰਘ ਈ ਰਿਕਸ਼ਾ ਯੂਨੀਅਨ ਏਟਕ ਦੇ ਸੋਨੂੰ ਕੁਮਾਰ ਆਦਿ ਸ਼ਾਮਲ ਸਨ।

ਏਪਵਾ ਵੱਲੋਂ ਮਨੀਪੁਰ 'ਚ ਔਰਤਾਂ ਨੂੰ ਬੇਪੱਤ ਕਰਨ ਖਿਲਾਫ ਰੋਸ ਪ੍ਰਦਰਸ਼ਨ

ਮਾਨਸਾ (ਆਤਮਾ ਸਿੰਘ ਪਮਾਰ)

ਪ੍ਰਗਤੀਸ਼ੀਲ ਇਸਤਰੀ ਸਭਾ ਨੇ ਮਨੀਪੁਰ ਵਿਖੇ ਇੱਕ ਵੱਡੇ ਫਿਰਕੂ ਹਜੂਮ ਵੱਲੋਂ ਦੋ ਔਰਤਾਂ ਨੂੰ ਸਰੇਆਮ ਬੇਪੱਤ ਕਰਨ ਖਿਲਾਫ ਮਾਨਸਾ ਦੇ ਵਾਰਡ ਨੰਬਰ 14 ਵਿੱਚ ਮੀਟਿੰਗ ਕਰਕੇ ਰੋਸ ਪ੍ਰਦਰਸ਼ਨ ਕੀਤਾ।

ਏਪਵਾ ਦੀ ਕੌਮੀ ਕਾਰਜਕਾਰਨੀ ਦੀ ਮੈਂਬਰ ਜਸਬੀਰ ਕੌਰ ਨੱਤ ਵੱਲੋਂ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕਿਹਾ ਗਿਆ ਕਿ ਇਹ ਅਣਮਨੁੱਖੀ ਦਮਨ ਸਿਰਫ ਦੋ ਔਰਤਾਂ ਦਾ ਨਗਨ ਜਲੂਸ ਕੱਢਣ ਤੱਕ ਹੀ ਸੀਮਤ ਨਹੀਂ ਹੈ, ਸਗੋਂ ਪਿਛਲੇ ਤਕਰੀਬਨ ਢਾਈ ਮਹੀਨਿਆਂ ਤੋਂ ਬੀਜੇਪੀ ਤੇ ਆਰ ਐੱਸ ਐੱਸ ਦੇ ਭੜਕਾਏ ਫਿਰਕੂ ਗਰੋਹਾਂ ਵੱਲੋਂ ਮਨੀਪੁਰ ਵਿੱਚ ਘੱਟ ਗਿਣਤੀ ਕੁੱਕੀ ਭਾਈਚਾਰੇ ਦੇ ਸੈਂਕੜੇ ਨਿਰਦੋਸ਼ ਲੋਕਾਂ ਦੇ ਹਜੂਮੀ ਕਤਲਾਂ, ਔਰਤਾਂ ਨਾਲ ਬਲਾਤਕਾਰਾਂ ਤੇ ਹਜ਼ਾਰਾਂ ਘਰਾਂ ਤੇ ਦੁਕਾਨਾਂ ਸਾੜ ਕੇ ਉਨ੍ਹਾਂ ਨੂੰ ਅਪਣੇ ਹੀ ਦੇਸ਼ ਵਿੱਚ ਬੇਘਰ ਤੇ ਸ਼ਰਨਾਰਥੀ ਬਣਾ ਦਿੱਤਾ ਗਿਆ ਹੈ। ਉਹ ਮੌਤ ਦੇ ਸਾਏ ਹੇਠ ਸ਼ਰਨਾਰਥੀ ਕੈਂਪਾਂ ਵਿੱਚ ਦਿਨ ਕਟੀ ਕਰਨ ਲਈ ਮਜਬੂਰ ਹਨ, ਪਰ ਕੇਂਦਰ ਦੀ ਮੋਦੀ-ਸ਼ਾਹ ਸਰਕਾਰ ਤੇ ਸੂਬੇ ਦੀ ਬੀਜੇਪੀ ਸਰਕਾਰ ਵੱਲੋਂ ਅਪਣਾਈ ਸਿਰੇ ਦੀ ਸੰਵੇਦਨਹੀਣਤਾ ਤੇ ਪੱਖਪਾਤੀ ਪਹੁੰਚ 'ਤੇ ਚੁੱਪ ਧਾਰਨ ਕੀਤੀ ਹੋਈ ਹੈ। ਉਨ੍ਹਾਂ ਇਸ ਮਾਮਲੇ 'ਚ ਪ੍ਰਧਾਨ ਮੰਤਰੀ ਮੋਦੀ ਵੱਲੋਂ ਧਾਰੀ ਹੋਈ ਮੁਜਰਮਾਨਾ ਤੇ ਸਾਜ਼ਿਸ਼ੀ ਚੁੱਪ ਦੀ ਸਖਤ ਨਿੰਦਾ ਕੀਤੀ।

ਸਭਾ ਦੀ ਜ਼ਿਲ੍ਹਾ ਪ੍ਰਧਾਨ ਬਲਵਿੰਦਰ ਕੌਰ ਖਾਰਾ ਨੇ ਕਿਹਾ ਕਿ 3 ਮਈ ਤੋਂ ਲਗਾਤਾਰ ਜਾਰੀ ਖੂਨ-ਖਰਾਬੇ ਤੇ ਭਿਆਨਕ ਤਬਾਹੀ ਬਾਰੇ ਪ੍ਰਧਾਨ ਮੰਤਰੀ ਨੇ ਹੁਣ ਕੇਵਲ ਇੱਕ ਵਾਰ, ਸਿਰਫ ਕੁਝ ਸਕਿੰਟਾਂ ਦੀ ਵੀਡੀਓ ਜਾਰੀ ਕਰਕੇ ਡੰਗ ਟਪਾਈ ਹੀ ਕੀਤੀ ਹੈ। ਕ੍ਰਿਸ਼ਨਾ ਕੌਰ ਨੇ ਕਿਹਾ ਕਿ ਬੇਕਸੂਰ ਕੁੱਕੀ ਔਰਤਾਂ ਉਤੇ ਹੋਏ ਇਸ ਘਿਨਾਉਣੇ ਜਬਰ ਖਿਲਾਫ ਏਪਵਾ ਵੱਲੋਂ ਵਿਰੋਧ ਦਾ ਇਹ ਸਿਲਸਿਲਾ ਲਗਾਤਾਰ ਜਾਰੀ ਰੱਖਿਆ ਜਾਵੇਗਾ। ਮੀਟਿੰਗ ਨੂੰ ਕੇਸਰ ਕੌਰ ਤੇ ਗੁਰਮੀਤ ਕੌਰ ਨੇ ਵੀ ਸੰਬੋਧਨ ਕੀਤਾ।

ਜੋਗੇਵਾਲਾ ਵਾਸੀਆਂ ਵੱਲੋਂ ਕੂੜੇ ਦੇ ਡੰਪ ਖਿਲਾਫ ਪੱਕਾ ਮੋਰਚਾ

ਜੋਗੇਵਾਲਾ ਵਾਸੀਆਂ ਤੋਂ ਮੰਗ ਪੱਤਰ ਹਾਸਲ ਕਰਦੇ ਹੋਏ ਮੈਂਬਰ ਪਾਰਲੀਮੈਂਟ ਸਿਮਰਨਜੀਤ ਸਿੰਘ ਮਾਨ।

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਨਗਰ ਕੌਂਸਲ ਪਾਤੜਾਂ ਵੱਲੋਂ ਪਿੰਡ ਜੋਗੇਵਾਲਾ ਬਣਾਇਆ ਕੂੜੇ ਦੇ ਡੰਪ ਵਿੱਚ ਘੱਗਰ ਦਰਿਆ ਵਿੱਚ ਆਏ ਹੜ੍ਹ ਦਾ ਪਾਣੀ ਭਰ ਜਾਣ ਕਰਕੇ ਡੰਪ ਲੋਕਾਂ ਦੇ ਜੀਅ ਦਾ ਜੰਜ਼ਾਲ ਬਣ ਗਿਆ ਹੈ। ਗੰਦਗੀ ਤੋਂ ਪ੍ਰੇਸ਼ਾਨ ਪਿੰਡ ਵਾਸੀਆਂ ਨੇ ਕੂੜਾ ਸੁੱਟਣ ਗਈਆਂ ਟਰਾਲੀਆਂ ਨੂੰ ਵਾਪਸ ਮੋੜਨ ਉਪਰੰਤ ਡੰਪ ਨੂੰ ਚੁਕਵਾਉਣ ਲਈ ਪੱਕਾ ਮੋਰਚਾ ਲਗਾ ਕੇ ਅਣਮਿੱਥੇ ਸਮੇਂ ਦਾ ਧਰਨਾ ਸ਼ੁਰੂ ਕਰ ਦਿੱਤਾ ਹੈ। ਇਸ ਦੌਰਾਨ ਲੋਕ ਸਭਾ ਹਲਕਾ ਸੰਗਰੂਰ ਤੋਂ ਮੈਂਬਰ ਪਾਰਲੀਮੈਂਟ ਸਿਮਰਨਜੀਤ ਸਿੰਘ ਮਾਨ ਨੇ ਸ਼ਮੂਲੀਅਤ ਕਰਕੇ ਗੰਦਗੀ ਦਾ ਮੁੱਦਾ ਉਠਾਉਣ ਦਾ ਐਲਾਨ ਕੀਤਾ ਗਿਆ ਹੈ। ਇਸ ਦੌਰਾਨ ਨਾਇਬ ਤਹਿਸੀਲਦਾਰ ਪਾਤੜਾਂ ਕਰਮਜੀਤ ਸਿੰਘ ਤੇ ਨਗਰ ਕੌਂਸਲ ਦੀ ਕਾਰਜ ਸਾਧਕ ਅਫਸਰ ਸ੍ਰੀਮਤੀ ਬਲਜਿੰਦਰ ਕੌਰ ਨੇ ਮੌਕੇ ਉੱਤੇ ਪਹੁੰਚ ਕੇ ਵਿਰੋਧ ਕਰ ਰਹੇ ਪਿੰਡ ਵਾਸੀਆਂ ਦਾ ਪੱਖ ਸੁਣਿਆ।

ਧਰਨੇ ਵਿੱਚ ਸ਼ਮੂਲੀਅਤ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਜਦੋਂ ਪਿੰਡ ਵਾਸੀ ਡੰਪ ਰੱਖਣਾ ਨਹੀਂ ਚਾਹੁੰਦੇ ਤਾਂ ਨਗਰ ਕੌਂਸਲ ਪਾਤੜਾਂ ਤੇ ਪ੍ਰਸ਼ਾਸਨ ਕਿਉਂ ਅੜੀ ਕਰੀ ਬੈਠੇ ਹਨ। ਉਨ੍ਹਾ ਕਿਹਾ ਕਿ ਉਹ ਪੰਜਾਬ ਸਰਕਾਰ ਦੇ ਧਿਆਨ ਵਿੱਚ ਲਿਆ ਕੇ ਇਸ ਮਸਲੇ ਦਾ ਹੱਲ ਕਰਵਾਉਣਗੇ। ਇਸ ਦੌਰਾਨ ਜੋਗੇਵਾਲਾ ਵਾਸੀ ਫਤਿਹ ਸਿੰਘ, ਨੰਬਰਦਾਰ ਦਲੇਰ ਸਿੰਘ, ਮਿਲਖਾ ਸਿੰਘ, ਪੂਰਨ ਸਿੰਘ ਆਦਿ ਨੇ ਦੱਸਿਆ ਕਿ ਨਗਰ ਕੌਂਸਲ ਪਾਤੜਾਂ ਨੇ ਕਈ ਸਾਲਾਂ ਤੋਂ ਪਿੰਡ ਜੋਗੇਵਾਲਾ ਵਿਖੇ ਕੂੜੇ ਕਰਕਟ ਦਾ ਡੰਪ ਬਣਾਇਆ ਹੈ, ਇਸ ਵਿੱਚ ਸ਼ਹਿਰ ਦੇ ਕੂੜੇ ਕਰਕਟ ਦੇ ਨਾਲ-ਨਾਲ ਮੈਡੀਕਲ ਸਰਿੰਜਾਂ ਆਦਿ ਵਸਤਾਂ ਕੂੜੇ ਵਿੱਚ ਆਉਂਦੀਆਂ ਹਨ। ਉਨ੍ਹਾਂ ਕਿਹਾ ਕਿ ਕੂੜੇ ਦੇ ਢੇਰ ਵਿੱਚੋਂ ਉੱਠਦੀ ਬਦਬੂ, ਲਿਫਾਫੇ ਤੇ ਸਰਿੰਜਾਂ ਆਦਿ ਤੋਂ ਆਸ-ਪਾਸ ਦੇ ਕਿਸਾਨ ਤੇ ਪਿੰਡ ਵਾਸੀ ਬੇਹੱਦ ਪ੍ਰੇਸ਼ਾਨ ਹਨ। ਕੂੜੇ ਦੇ ਢੇਰ ਦੀ ਗੰਦਗੀ ਨਾਲ ਲੱਗੀਆਂ ਬਿਮਾਰੀਆਂ ਕਾਰਨ ਪਿੰਡ ਦੇ 3 ਵਿਅਕਤੀਆਂ ਦੀ ਮੌਤ ਵੀ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਹੜ੍ਹਾਂ ਦਾ ਪਾਣੀ ਡੰਪ ਵਿੱਚ ਭਰ ਜਾਣ ਨਾਲ ਬਦਬੂ ਤੇ ਮੱਖੀਆਂ ਦੀ ਭਰਮਾਰ ਨੇ ਉਨ੍ਹਾਂ ਦਾ ਜਿਉਣਾ ਦੁੱਭਰ ਕੀਤਾ ਹੈ। ਉਨ੍ਹਾਂ ਦੱਸਿਆ ਕਿ ਕਿ ਕੂੜਾ ਚੁੱਕਵਾਉਣ ਲਈ ਐੱਸ ਡੀ ਐੱਮ ਪਾਤੜਾਂ ਤੇ ਕਾਰਜ ਸਾਧਕ ਅਫਸਰ ਨਗਰ ਕੌਂਸਲ ਪਾਤੜਾਂ ਨੂੰ ਕਈ ਵਾਰ ਕਿਹਾ ਗਿਆ ਹੈ, ਪਰ ਕੋਈ ਸੁਣਵਾਈ ਨਹੀਂ ਹੋ ਰਹੀ।

ਕਾਤਰਾਂ

ਡਰੇਨਾਂ ਦੀ ਸਫਾਈ ਦਾ ਕੰਮ ਮੁਕੰਮਲ

ਮਲੋਟ (ਗੁਰਮੀਤ ਸਿੰਘ ਮੱਕੜ)-ਬਲਵਿੰਦਰ ਕੁਮਾਰ ਕੰਬੋਜ ਕਾਰਜਕਾਰੀ ਇੰਜੀਨੀਅਰ ਡਰੇਨਜ਼ ਸ੍ਰੀ ਮੁਕਤਸਰ ਸਾਹਿਬ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹੇ ਦੀਆਂ ਡਰੇਨਾਂ ਵਿੱਚ ਸਫਾਈ ਦਾ ਕੰਮ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮੁਕੰਮਲ ਕਰ ਲਿਆ ਗਿਆ ਹੈ। ਉਨ੍ਹਾ ਇੱਕ ਪ੍ਰਿੰਟ ਮੀਡੀਆ ਵਿੱਚ ਛਪੀ ਖਬਰ ਦਾ ਖੰਡਨ ਕਰਦਿਆਂ ਦੱਸਿਆ ਕਿ ਇਹ ਖਬਰ ਝੂਠੀ ਤੇ ਬੇਬੁਨਿਆਦ ਹੈ ਅਤੇ ਵਿਭਾਗ ਵੱਲੋਂ ਜ਼ਿਲ੍ਹੇ ਦੀਆਂ ਸਾਰੀਆਂ ਡਰੇਨਾਂ ਦੀ ਪੂਰੀ ਨਿਗਰਾਨੀ ਕੀਤੀ ਜਾ ਰਹੀ ਤਾਂ ਜੋ ਇਨ੍ਹਾਂ ਡਰੇਨਾਂ ਨੂੰ ਬਰਸਾਤ ਦੌਰਾਨ ਟੁੱਟਣ ਤੋਂ ਰੋਕਿਆ ਜਾ ਸਕੇ।

ਐਡ. ਗੁਰਤੇਗ ਸਿੰਘ ਦੀ ਨਿਯੁਕਤੀ 'ਤੇ ਖੁਸ਼ੀ ਦਾ ਪ੍ਰਗਟਾਵਾ



ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)-ਐਡਵੋਕੇਟ ਗੁਰਤੇਗ ਸਿੰਘ ਲੌਂਗੋਵਾਲ ਨੂੰ ਯੂਥ ਕਾਂਗਰਸ ਜ਼ਿਲ੍ਹਾ ਸੰਗਰੂਰ ਦਾ ਪ੍ਰਧਾਨ ਚੁਣੇ ਜਾਣ 'ਤੇ ਸੀਨੀਅਰ ਆਗੂਆਂ ਪ੍ਰੀਤਮ ਸਿੰਘ ਢਿੱਲੋਂ, ਜਗਪਾਲ ਸਿੰਘ ਸੰਮੀ, ਨਸੀਬ ਕੌਰ ਚੋਟੀਆਂ, ਮੇਲਾ ਸਿੰਘ ਸੂਬੇਦਾਰ, ਗੁਰਮੇਲ ਸਿੰਘ ਚੋਟੀਆਂ, ਅਨਿਰੁੱਧ ਸ਼ਰਮਾ ਸ਼ੇਰੋਂ, ਅੰਮ੍ਰਿਤਪਾਲ ਸਿੰਗਲਾ, ਪ੍ਰਿਤਪਾਲ ਸਿੰਘ ਸੱਪਲ, ਜਗਦੇਵ ਸਿੰਘ ਜੱਗੀ, ਤਾਰਾ ਸਿੰਘ ਮੰਡੇਰ, ਕੀਰਤ ਸਦਿਉੜਾ, ਵਿੱਕੀ ਲੋਟੇ ਬਬਲੀ ਤੇ ਅਮਨਾ ਜੈਦ ਨੇ ਐਡ. ਗੁਰਤੇਗ ਸਿੰਘ ਲੌਂਗੋਵਾਲ ਦੀ ਨਿਯੁਕਤੀ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ।

ਰੇਲਵੇ 'ਚ ਨੌਕਰੀ ਲਵਾਉਣ ਦੇ ਨਾਂਅ 'ਤੇ ਸਵਾ ਪੰਜ ਲੱਖ ਠੱਗੇ, ਚਾਰ ਵਿਰੁੱਧ ਕੇਸ ਦਰਜ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਰੇਲਵੇ ਦੀ ਨੌਕਰੀ ਦਾ ਜਾਲ੍ਹੀ ਨਿਯੁਕਤੀ ਪੱਤਰ ਦੇ ਕੇ ਕਰੀਬ ਸਵਾ ਪੰਜ ਲੱਖ ਰੁਪਏ ਠੱਗ ਲੈਣ ਦੇ ਕਥਿਤ ਮਾਮਲੇ 'ਚ ਥਾਣਾ ਬਡਾਲੀ ਆਲਾ ਸਿੰਘ ਦੀ ਪੁਲਸ ਵੱਲੋਂ ਬਾਬੂ ਰਾਮ ਵਾਸੀ ਖਰੋਟਬਾਲਾ, ਪਾਲਮਪੁਰ (ਹਿਮਾਚਲ ਪ੍ਰਦੇਸ਼), ਗੁਰਚਰਨ ਸਿੰਘ, ਸੁਖਦੇਵ ਸਿੰਘ, ਹਰਜੀਤ ਸਿੰਘ ਵਾਸੀਆਨ ਪਿੰਡ ਲੂਲੋਂ ਵਿਰੁੱਧ ਅ/ਧ 420,120ਬੀ ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕੀਤੇ ਜਾਣ ਦਾ ਸਮਾਚਾਰ ਹੈ। ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਨੂੰ ਦਿੱਤੀ ਦਰਖਾਸਤ 'ਚ ਸਵਰਨ ਸਿੰਘ ਵਾਸੀ ਪਿੰਡ ਰੁਪਾਲਹੇੜੀ ਨੇ ਦੋਸ਼ ਲਗਾਏ ਸਨ ਕਿ ਰੇਲਵੇ ਦਾ ਜਾਲ੍ਹੀ ਨਿਯੁਕਤੀ ਪੱਤਰ ਦੇ ਕੇ ਉਪਰੋਕਤ ਵਿਅਕਤੀਆਂ ਵੱਲੋਂ ਉਸ ਨੂੰ ਰੇਲ ਵਿਭਾਗ 'ਚ ਜਾਲ੍ਹੀ ਤੌਰ 'ਤੇ ਭਰਤੀ ਕਰ ਲਿਆ ਗਿਆ ਤੇ ਨੌਕਰੀ ਲਗਵਾਉਣ ਬਦਲੇ ਉਸ ਤੋਂ 5,14,900/- ਰੁਪਏ ਵਸੂਲ ਲਏ ਗਏ। ਚੁੰਨੀ ਕਲਾਂ ਚੌਕੀ ਦੇ ਸਹਾਇਕ ਥਾਣੇਦਾਰ ਸੁਖਵਿੰਦਰ ਸਿੰਘ ਵੱਲੋਂ ਕੀਤੀ ਗਈ ਸ਼ਿਕਾਇਤ ਦੀ ਪੜਤਾਲ ਤੋਂ ਬਾਅਦ ਸੀਨੀਅਰ ਪੁਲਸ ਅਧਿਕਾਰੀਆਂ ਵੱਲੋਂ ਮਾਮਲੇ 'ਚ ਮੁਕੱਦਮਾ ਦਰਜ ਕਰਨ ਦੇ ਦਿੱਤੇ ਗਏ ਹੁਕਮਾਂ 'ਤੇ ਉਪਰੋਕਤ ਚਾਰ ਵਿਅਕਤੀਆਂ ਮੁਕੱਦਮਾ ਦਰਜ ਕਰਵਾਉਂਦੇ ਹੋਏ ਚੁੰਨੀ ਕਲਾਂ ਚੌਕੀ ਦੇ ਇੰਚਾਰਜ ਥਾਣੇਦਾਰ ਕਸ਼ਮੀਰੀ ਲਾਲ ਵੱਲੋਂ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਗਈ ਹੈ।

ਗਾਹਕ ਕੋਲੋਂ ਆੜ੍ਹਤੀਆਂ ਦੀ ਬਕਾਇਆ ਰਕਮ ਵਾਪਸ ਦਿਵਾ ਕੇ ਦਿੱਤਾ ਏਕਤਾ ਦਾ ਸਬੂਤ

ਮੱਖੂ (ਰਛਪਾਲ ਸਿੰਘ ਸੰਧੂ)

ਆੜ੍ਹਤੀਆ ਯੂਨੀਅਨ ਮੱਲਾਂਵਾਲਾ ਦੇ ਪ੍ਰਧਾਨ ਕੁਲਭੂਸ਼ਨ ਧਵਨ ਤੇ ਸਰਪ੍ਰਸਤ ਸੁਸ਼ੀਲ ਸੇਠੀ ਦੇ ਦਾਣਾ ਮੰਡੀ ਮੱਖੂ ਵਿਖੇ ਪਹੁੰਚਣ 'ਤੇ ਦਾਣਾ ਮੰਡੀ ਮੱਖੂ ਦੇ ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਰਜੀਵ ਠੁਕਰਾਲ ਲੱਕੀ ਦੀ ਅਗਵਾਈ ਹੇਠ ਆੜ੍ਹਤੀਆਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਆੜ੍ਹਤੀਆ ਐਸੋਸੀਏਸ਼ਨ ਮੱਖੂ ਦੇ ਪ੍ਰਧਾਨ ਰਜੀਵ ਠੁਕਰਾਲ ਲੱਕੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਦਾਣਾ ਮੰਡੀ ਮੱਖੂ ਦੇ ਆੜ੍ਹਤੀਆ ਚੇਤਨ ਧਵਨ ਦੇ ਗਾਹਕ ਨੇ ਆਪਣੀ ਆੜ੍ਹਤ ਮੱਲਾਂਵਾਲਾ ਵਿਖੇ ਬਣਾ ਲਈ ਸੀ, ਜਿਸ ਕਾਰਨ ਚੇਤਨ ਧਵਨ ਦੇ ਗਾਹਕ ਵੱਲ ਬਕਾਇਆ ਰੁਪਏ ਸਨ, ਜਿਸ ਦੇ ਸਬੰਧ ਵਿੱਚ ਦਾਣਾ ਮੰਡੀ ਮੱਖੂ ਤੇ ਮੱਲਾਂਵਾਲਾ ਦੇ ਆੜ੍ਹਤੀਆਂ ਦੀ ਮੀਟਿੰਗ ਹੋਈ ਅਤੇ ਮੀਟਿੰਗ ਦੌਰਾਨ ਦੋਨਾਂ ਮੰਡੀਆਂ ਦੇ ਆੜ੍ਹਤੀਆਂ ਤੇ ਅਹੁਦੇਦਾਰਾਂ ਵੱਲੋਂ ਵਿਚਾਰਾਂ ਸਾਂਝੀਆਂ ਕੀਤੀਆਂ ਗਈਆਂ। ਮੱਖੂ ਦੇ ਆੜ੍ਹਤੀਆ ਚੇਤਨ ਧਵਨ ਦੀ ਬਕਾਇਆ ਰਕਮ ਗਾਹਕ ਕੋਲੋਂ ਵਾਪਸ ਦਿਵਾ ਕੇ ਮੱਖੂ ਤੇ ਮੱਲਾਂਵਾਲਾ ਦੇ ਆੜ੍ਹਤੀਆਂ ਨੇ ਏਕਤਾ ਦਾ ਸਬੂਤ ਦਿੱਤਾ। ਇਸ ਮੌਕੇ ਆੜ੍ਹਤੀਆ ਐਸੋਸੀਏਸ਼ਨ ਮੱਖੂ ਦੇ ਸਰਪ੍ਰਸਤ ਮਹਿੰਦਰ ਸਿੰਘ ਸੰਘੇੜਾ, ਪ੍ਰਧਾਨ ਰਜੀਵ ਠੁਕਰਾਲ ਲੱਕੀ ਤੇ ਮੱਲਾਂਵਾਲਾ ਦੇ ਸਰਪ੍ਰ

page-6-24-(JULY)-2023-G-(BV)31.qxd 7/23/2023 10:35 PM Page 1

ਲੋਕਾਂ ਨੂੰ ਸਬਜ਼ਬਾਗ਼ ਦਿਖਾ ਕੇ ਪੰਜਾਬ ਸਰਕਾਰ ਕੰਮਾਂ ਤੋਂ ਮੂੰਹ ਫੇਰਦੀ ਨਜ਼ਰ ਆ ਰਹੀ : ਝਿੰਜਰ

ਬਾਘਾ ਪੁਰਾਣਾ, (ਮਨੀ ਸਿੰਗਲਾ)-ਬੀਤੇ ਦਿਨ ਸਥਾਨਕ ਸ਼ਹਿਰ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਅਤੇ ਸੂਬਾ ਜਰਨਲ ਸਕੱਤਰ ਜਥੇਦਾਰ ਤੀਰਥ ਸਿੰਘ ਮਾਹਲਾ ਦੀ ਅਗਵਾਈ ਵਿਚ ਹੋਈ ਯੂਥ ਮਿਲਣੀ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਯੂਥ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਪ ਸਰਕਾਰ ਦੇ ਉਪਰ ਤਿੱਖੇ ਨਿਸ਼ਾਨੇ ਸਾਧਦਿਆਂ ਕਿਹਾ ਕਿ ਜੋ ਪੰਜਾਬ ਦੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਜੋ ਪੰਜਾਬ ਦੇ ਲੋਕਾਂ ਨੂੰ ਸਬਜ਼ਬਾਗ਼ ਦਿਖਾ ਕੇ ਪੰਜਾਬ ਵਿਚ ਆਈ ਹੈ ਉਸ ਤੋਂ ਮੂੰਹ ਫੇਰਦੀ ਨਜ਼ਰ ਆ ਰਹੀ ਹੈ। ਪ੍ਰਧਾਨ ਝਿੰਜਰ ਨੇ ਕਿਹਾ ਕਿ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜੇਕਰ ਪੰਜਾਬ ਵਿਚ ਆਪ ਦੀ ਸਰਕਾਰ ਆਉਂਦੀ ਹੈ ਤਾਂ ਨਸ਼ਿਆਂ 'ਤੇ ਪੰਜਾਬ ਵਿਚ ਬਿਲਕੁੱਲ ਠੱਲ੍ਹ ਪਾਈ ਜਾਵੇਗੀ ਅਤੇ ਬੇਅਦਬੀ ਦੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦੇ ਕੇ ਪੰਜਾਬ ਦੇ ਸਿੱਖਾਂ ਨੂੰ ਇਨਸਾਫ਼ ਦਿੱਤਾ ਜਾਵੇਗਾ, ਪਰ ਜਦੋਂ ਦੀ ਪੰਜਾਬ ਵਿਚ ਆਪ ਸਰਕਾਰ ਆਈ ਹੈ ਇਸ ਨੇ ਨਸ਼ੇ ਦੇ ਮੁੱਦੇ ਅਤੇ ਬੇਅਦਬੀ ਦੇ ਮਾਮਲੇ 'ਤੇ ਵੀ ਚੁੱਪ ਧਾਰੀ ਹੈ, ਜੇਕਰ ਕੋਈ ਵਿਅਕਤੀ ਨਸ਼ਾ ਤਸਕਰ ਦੇ ਵਿਰੁੱਧ ਅਵਾਜ਼ ਉਠਾਉਂਦਾ ਹੈ ਤਾਂ ਉਸ ਉਪਰ ਪਰਚਾ ਦਰਜ ਕੇ ਉਨ੍ਹਾਂ ਨੂੰ ਹਵਾਲਾਤ ਵਿਚ ਸੁੱਟ ਦਿੰਦੇ ਹਨ। ਇਸ ਮੌਕੇ ਸੂਬਾ ਯੂਥ ਪ੍ਰਧਾਨ ਨੇ ਪਰਮਿੰਦਰ ਸਿੰਘ ਝੋਟੇ ਉਪਰ ਆਪ ਵੱਲੋਂ ਕੀਤੇ ਦਰਜ ਪਰਚੇ ਦੀ ਨਿੰਦਾ ਕਰਦਿਆਂ ਕਿਹਾ ਕਿ ਜੋ ਪਰਮਿੰਦਰ ਝੋਟੇ ਨਾਲ ਹੋਇਆ ਉਹ ਬਹੁਤ ਮਾੜਾ ਹੋਇਆ ਹੈ। ਉਨ੍ਹਾਂ ਕਿਹਾ ਕਿ ਜਿਹੜੀ ਪਾਰਟੀ ਕਹਿੰਦੀ ਸੀ ਕਿ ਚਾਰ ਹਫਤਿਆਂ ਵਿਚ ਨਸ਼ਾ ਬੰਦ ਕਰ ਦਿਆਂਗੇ ਉਨ੍ਹਾਂ ਦੀ ਅੱਜ ਬੋਲਤੀ ਬੰਦ ਹੋਈ ਪਈ ਹੈ। ਉਨ੍ਹਾਂ ਕਿਹਾ ਕਿ ਇਸ ਲਈ ਮੈਂ ਨੌਜਵਾਨਾਂ ਨੂੰ ਅਪੀਲ ਕਰਦਾ ਹੈ ਕਿ ਉਹ ਜਾਗਣ, ਜੇਕਰ ਜਾਗਣਗੇ ਤਾਂ ਹੀ ਦਿੱਲੀ ਏਜੰਡੇ ਤੋਂ ਬਚ ਸਕਣਗੇ, ਕਿਉਂਕਿ ਆਪ ਸਰਕਾਰ ਨਸ਼ਾ ਵੇਚਣ ਤੋਂ ਰੋਕਣ ਵਾਲਿਆਂ ਉਪਰ ਪਰਚੇ ਦਰਜ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਅਸੀਂ ਪੰਜਾਬ ਦੇ ਲੋਕਾਂ ਨਾਲ ਧੱਕੇਸ਼ਾਹੀ ਨਹੀਂ ਹੋਣ ਦਿਆਂਗੇ ਜੇਕਰ ਸੰਘਰਸ਼ ਕਰਨਾ ਪਿਆ ਤਾਂ ਉਸ ਤੋਂ ਪਿੱਛੇ ਨਹੀਂ ਹਟਾਂਗੇ।

ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੀ ਬਲਾਕ ਪੱਧਰੀ ਮੀਟਿੰਗ

ਧੂਰੀ (ਸੁਖਦੇਵ ਧੂਰੀ)- ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੀ ਬਲਾਕ ਕਮੇਟੀ ਧੂਰੀ ਦੀ ਮੀਟਿੰਗ ਬਲਾਕ ਪ੍ਰਧਾਨ ਹਮੀਰ ਸਿੰਘ ਬੇਨੜਾ ਦੀ ਪ੍ਰਧਾਨਗੀ ਹੇਠ ਰਾਮ ਬਾਗ ਧੂਰੀ ਵਿਖੇ ਕੀਤੀ ਗਈ। ਪ੍ਰੈਸ ਦੇ ਨਾਂ ਬਿਆਨ ਜਾਰੀ ਕਰਦਿਆਂ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਬਲਾਕ ਪ੍ਰਧਾਨ ਹਮੀਰ ਸਿੰਘ ਤੇ ਬਲਾਕ ਸਕੱਤਰ ਰਾਜਵਿੰਦਰ ਕੌਰ ਮੀਮਸਾ ਤੇ ਮੀਟਿੰਗ ਵਿੱਚ ਪਹੁੰਚੇ ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ ਨੇ ਦੱਸਿਆ ਕਿ ਅੱਜ ਦੀ ਮੀਟਿੰਗ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਕੀਤੀ ਗਈ ਹੈ। ਇਸ ਮੀਟਿੰਗ ਵਿੱਚ ਜ਼ਮੀਨੀ ਘੋਲ ਦੀ ਰਿਪੋਰਟਿੰਗ ਕਰਦੇ ਹੋਏ ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਦਲਿਤਾਂ ਕੋਲੋਂ ਪੰਚਾਇਤੀ ਜ਼ਮੀਨ 'ਚੋਂ ਤੀਸਰੇ ਹਿੱਸੇ ਦੀਆਂ ਜ਼ਮੀਨਾਂ ਖੋਹਣ ਦੀ ਨੀਅਤ ਨਾਲ ਸੀਜ਼ਨ ਦੇ ਵਿਚਕਾਰ ਬੋਲੀਆਂ ਰੱਖੀਆਂ ਗਈਆਂ ਸਨ, ਜਿਸ ਦਾ ਖੇਤ ਮਜ਼ਦੂਰਾਂ ਨੇ ਵਿਰੋਧ ਕਰਦਿਆਂ ਧੂਰੀ ਬਲਾਕ ਦੇ ਜ਼ਮੀਨਾਂ ਵਾਲੇ ਅਨੇਕਾਂ ਪਿੰਡਾਂ ਵਿੱਚ ਸੰਘਰਸ਼ ਕੀਤਾ ਸੀ। ਦਲਿਤਾਂ ਦੇ ਮਾਣ ਸਨਮਾਨ ਦੇ ਪ੍ਰਤੀਕ ਜ਼ਮੀਨ ਦੇ ਘੋਲ ਨੂੰ ਇਸ ਸਾਲ ਜਥੇਬੰਦੀ ਦੀ ਅਗਵਾਈ ਹੇਠ ਬਲਾਕ ਧੂਰੀ ਦੇ ਵੱਖ ਵੱਖ ਪਿੰਡਾਂ ਵਿੱਚ ਲੜਿਆ ਤੇ ਸੰਘਰਸ਼ ਕਰਕੇ ਕਹੋਰੂ, ਮੀਮਸਾ, ਰਾਜੋਮਾਜਰਾ, ਭੋਜੋਵਾਲੀ, ਈਸੀ, ਬੇਨੜਾ ਪਿੰਡਾਂ 'ਚ ਜ਼ਮੀਨਾਂ ਪ੍ਰਾਪਤ ਕਰਨ ਵਿੱਚ ਕਾਮਯਾਬ ਹੋਏ। ਇਸ ਤੋਂ ਇਲਾਵਾ ਜਾਤੀਮਾਜਰਾ, ਸਾਰੋਂ, ਮਾਨਵਾਲਾ, ਧੂਰੀ ਸ਼ਹਿਰ ਵਿੱਚ ਨੁੱਕੜ ਮੀਟਿੰਗਾਂ ਕੀਤੀਆਂ ਗਈਆਂ। ਆਗੂਆਂ ਨੇ ਦੱਸਿਆ ਕਿ ਆਉਣ ਵਾਲੇ ਦਿਨਾਂ ਵਿੱਚ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਬਲਾਕ ਧੂਰੀ ਦੇ ਬਾਕੀ ਰਹਿੰਦੇ ਪਿੰਡਾਂ 'ਚ ਰੈਲੀਆਂ/ਮੀਟਿੰਗਾਂ ਕੀਤੀਆਂ ਜਾਣਗੀਆਂ।

ਜਸਵੰਤ ਸਿੰਘ ਦੇ ਕਾਤਲਾਂ ਦੀ ਗ੍ਰਿਫ਼ਤਾਰੀ ਲਈ ਅੱਜ ਤੋਂ ਅਣਮਿੱਥੇ ਸਮੇਂ ਲਈ ਧਰਨਾ

ਕਿਸਾਨ ਜਥੇਬੰਦੀਆਂ ਦੇ ਆਗੂ ਮੀਟਿੰਗ ਦੌਰਾਨ ਜਾਣਕਾਰੀ ਦਿੰਦੇ ਹੋਏ।

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਬੀਤੇ ਦਿਨੀਂ ਪਿੰਡ ਭਾਲਾ ਫਰਾਏ ਮੱਲ ਵਿਖੇ ਬਰਸਾਤੀ ਪਾਣੀ ਦੀ ਨਿਕਾਸੀ ਨੂੰ ਲੈ ਕੇ ਕੁਝ ਗੁੰਡਿਆਂ ਵੱਲੋਂ ਪਿੰਡ ਦੇ ਕਿਸਾਨ ਪਰਿਵਾਰ ਉੱਪਰ ਹਮਲਾ ਕੀਤਾ ਗਿਆ, ਜਿਸ ਵਿੱਚ ਇੱਕ ਕਿਸਾਨ ਜਸਵੰਤ ਸਿੰਘ ਦੀ ਮੌਕੇ ਉੱਪਰ ਮੌਤ ਹੋ ਗਈ ਤੇ ਹੋਰ ਪਰਿਵਾਰਕ ਮੈਂਬਰ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ।ਪੁਲਸ ਵੱਲੋਂ ਮੁਕੱਦਮਾ ਤਾਂ ਦਰਜ ਕਰ ਲਿਆ ਗਿਆ ਸੀ, ਪਰ ਦੋਸ਼ੀਆਂ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ, ਜਿਸ ਦੇ ਚੱਲਦਿਆਂ ਅੱਜ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਵੱਡੀ ਗਿਣਤੀ ਵਿੱਚ ਇਕੱਤਰ ਹੋ ਕੇ ਜਸਵੰਤ ਸਿੰਘ ਕਤਲ ਕਾਂਡ ਵਿਰੋਧੀ ਐਕਸ਼ਨ ਕਮੇਟੀ ਦਾ ਐਲਾਨ ਕਰ ਦਿੱਤਾ। ਆਗੂਆਂ ਨੇ ਦੱਸਿਆ ਕਿ ਪੁਲਸ ਵੱਲੋਂ ਇੱਕ ਦਿਨ ਦਾ ਸਮਾਂ ਹੋਰ ਮੰਗਿਆ ਗਿਆ ਹੈ, ਜਿਸ ਦੇ ਚੱਲਦਿਆਂ ਆਗੂਆਂ ਨੇ ਫੈਸਲਾ ਕੀਤਾ ਕਿ ਜੇਕਰ ਦੋਸ਼ੀ ਤੁਰੰਤ ਨਾ ਫੜੇ ਗਏ ਤਾਂ ਸੋਮਵਾਰ ਤੋਂ ਫਿਰੋਜ਼ਪੁਰ ਵਿਖੇ ਅਣਮਿੱਥੇ ਸਮੇਂ ਲਈ ਧਰਨਾ ਦਿੱਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਕਾਤਲਾਂ ਨੂੰ ਲਗਾਤਾਰ ਫਿਰੋਜ਼ਪੁਰ ਦਿਹਾਤੀ ਦੇ ਵਿਧਾਇਕ ਦੀ ਸ਼ਹਿ ਪ੍ਰਾਪਤ ਹੈ, ਇਸ ਲਈ ਪੁਲਸ ਵੱਲੋਂ ਪਹਿਲਾਂ ਤੋਂ ਹੀ ਪੀੜਤ ਪਰਿਵਾਰ ਦੀਆਂ ਜਮਾਨਤਾਂ ਕਰਵਾ ਦਿੱਤੀਆਂ ਗਈਆਂ ਸਨ ਤੇ ਦੋਸ਼ੀਆਂ ਨੂੰ ਜ਼ੁਲਮ ਕਰਨ ਲਈ ਖੁੱਲ੍ਹੇ ਛੱਡ ਦਿੱਤਾ ਗਿਆ ਸੀ।ਐਕਸ਼ਨ ਕਮੇਟੀ ਵੱਲੋਂ ਇਹ ਐਲਾਨ ਕੀਤਾ ਗਿਆ ਕਿ ਜਦੋਂ ਤੱਕ ਸਾਰੇ ਦੋਸ਼ੀ ਫੜ ਕੇ ਪਰਿਵਾਰ ਨੂੰ ਇਨਸਾਫ ਨਹੀਂ ਦੇ ਦਿੱਤਾ ਜਾਂਦਾ, ਉਦੋਂ ਤੱਕ ਸੰਘਰਸ਼ ਜਾਰੀ ਰਖਾਂਗੇ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਵੱਲੋਂ ਅਮਰੀਕ ਸਿੰਘ ਮਮਦੋਟ, ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਵੱਲੋਂ ਪਰਮਜੀਤ ਸਿੰਘ ਮੱਬੋ ਕੇ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਵੱਲੋਂ ਗੁਰਚਰਨ ਸਿੰਘ ਮਲਸੀਆਂ, ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਬੂਟਾ ਸਿੰਘ ਕਰੀ ਕਲਾਂ, ਭਾਰਤੀ ਕਿਸਾਨ ਯੂਨੀਅਨ ਪੰਜਾਬ ਵੱਲੋਂ ਰਸਾਲ ਸਿੰਘ, ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਵੱਲੋਂ ਦਰਸ਼ਨ ਸਿੰਘ ਭਾਲਾ ਤੇ ਪਰਿਵਾਰਕ ਮੈਂਬਰਾਂ ਵਿੱਚੋਂ ਅਮਰਜੀਤ ਸਿੰਘ ਨੂੰ ਸ਼ਾਮਲ ਕੀਤਾ ਗਿਆ।

ਦਰਜਾ ਚਾਰ ਮੁਲਾਜ਼ਮਾਂ ਵੱਲੋਂ ਤਨਖਾਹ ਜਾਰੀ ਨਾ ਹੋਣ 'ਤੇ ਧਰਨੇ ਦੀ ਚਿਤਾਵਨੀ

ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਜ਼ਿਲ੍ਹਾ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਦੀ ਮੀਟਿੰਗ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ (ਲੜਕੇ) ਵਿਖੇ ਜ਼ਿਲ੍ਹਾ ਪ੍ਰਧਾਨ ਰਾਮ ਪ੍ਰਸ਼ਾਦ ਤੇ ਜਨਰਲ ਸਕੱਤਰ ਪਰਵੀਨ ਕੁਮਾਰ ਦੀ ਅਗਵਾਈ ਵਿੱਚ ਹੋਈ।ਇਸ ਮੌਕੇ ਜ਼ਿਲ੍ਹਾ ਮੀਤ ਪ੍ਰਧਾਨ ਰਾਜ ਕੁਮਾਰ, ਡੀ ਸੀ ਦਫਤਰ ਦੇ ਪ੍ਰਧਾਨ ਬੂਟਾ ਸਿੰਘ, ਕੁਲਦੀਪ ਅਟਵਾਲ, ਸੰਤੋਸ਼, ਮੋਨਾ, ਗੁਰਪ੍ਰੀਤ ਸਿੰਘ, ਵਿਜੈ ਕੁਮਾਰ, ਨੈਨਸੀ, ਸੁਖਵਿੰਦਰ ਕੌਰ, ਸ਼ਿਵਾਲੀ ਰਾਣੀ ਤੇ ਰਾਜ ਆਦਿ ਹਾਜ਼ਰ ਸਨ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਰਾਮ ਪ੍ਰਸ਼ਾਦ ਤੇ ਜਨਰਲ ਸਕੱਤਰ ਪ੍ਰਵੀਨ ਕੁਮਾਰ ਨੇ ਦੱਸਿਆ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ (ਲੜਕੇ) ਫਿਰੋਜ਼ਪੁਰ ਸ਼ਹਿਰ ਦੇ ਪ੍ਰਿੰਸੀਪਲ ਸ੍ਰ. ਜਗਦੀਪ ਪਾਲ ਵੱਲੋਂ ਸਕੂਲ ਅੰਦਰ ਬਣੇ ਸਰਕਾਰੀ ਹੋਸਟਲ ਦੇ ਮੁਲਾਜ਼ਮਾਂ ਉੱਪਰ ਧੱਕਾ ਕੀਤਾ ਜਾ ਰਿਹਾ ਤੇ ਇਨ੍ਹਾਂ ਮੁਲਾਜ਼ਮਾਂ ਦੀਆਂ ਅਪ੍ਰੈਲ 2023 ਤੋਂ ਜੂਨ 2023 ਮਹੀਨੇ ਦੀ ਤਨਖਾਹ ਨਹੀਂ ਦਿੱਤੀ ਜਾ ਰਹੀ, ਜਿਸ ਨਾਲ ਸਾਡੇ ਮੁਲਾਜ਼ਮਾਂ ਨੂੰ ਬੜੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਜਦੋਂ ਕਿ ਸਿੱਖਿਆ ਵਿਭਾਗ ਵੱਲੋਂ 4 ਜੁਲਾਈ 2023 ਨੂੰ ਰਿਹਾਇਸ਼ੀ ਹੋਟਲ ਦੀ ਗ੍ਰਾਂਟ ਆ ਚੁੱਕ ਹੈ, ਪਰ ਪ੍ਰਿੰਸੀਪਲ ਵੱਲੋਂ ਆਪਣੇ ਪੱਧਰ 'ਤੇ ਹੀ ਤਨਖਾਹ ਰੋਕ ਕੇ ਦਰਜਾਚਾਰ ਮੁਲਾਜ਼ਮਾਂ ਨਾਲ ਧੱਕਾ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਇਸ ਸਬੰਧੀ ਜਦੋਂ ਪ੍ਰਿੰਸੀਪਲ ਨਾਲ ਗੱਲਬਾਤ ਕੀਤੀ ਤਾਂ ਉਨ੍ਹਾ ਸੋਮਵਾਰ ਤੱਕ ਤਨਖਾਹ ਦੇਣ ਲਈ ਕਿਹਾ।ਇਸ ਸਬੰਧੀ ਉਨ੍ਹਾਂ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸੋਮਵਾਰ ਤੱਕ ਮੁਲਾਜ਼ਮਾਂ ਨੂੰ ਤਨਖਾਹ ਜਾਰੀ ਨਾ ਕੀਤੀ ਤਾਂ ਸਾਨੂੰ ਧਰਨਾ ਪ੍ਰਦਰਸ਼ਨ ਕਰਨ 'ਤੇ ਮਜਬੂਰ ਹੋਣਾ ਪਵੇਗਾ, ਜਿਸ ਦੀ ਸਾਰੇ ਜ਼ਿੰਮੇਵਾਰੀ ਸਕੂਲ ਪ੍ਰਿੰਸੀਪਲ ਦੀ ਹੋਵੇਗੀ।

ਨਹੀਂ ਦਿਲੋਂ ਨਿਕਲਦਾ ਹੜ੍ਹਾਂ ਦਾ ਖੌਫ

ਘਰਾਂ ਦੇ ਫਰਸ਼ ਬੈਠੇ ਤੇ ਕੰਧਾਂ 'ਚ ਆਈਆਂ ਤਰੇੜਾਂ, ਪੀੜਤਾਂ ਵੱਲੋਂ ਮੁਆਵਜ਼ੇ ਦੀ ਮੰਗ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)- ਹਲਕਾ ਸ਼ੁਤਰਾਣਾ ਦੇ ਦੋ ਦਰਜਨ ਤੋਂ ਵੱਧ ਹੜ੍ਹ ਵਿਚ ਡੁੱਬੇ ਪਿੰਡਾਂ ਅਤੇ ਡੇਰਿਆਂ ਢਾਣੀਆਂ ਤੋਂ ਪਾਣੀ ਪਿੱਛੇ ਤਾਂ ਹਟ ਰਿਹਾ ਹੈ ਪਰ ਲੋਕਾਂ ਨੂੰ ਨਵੀਂ ਆਫਤ ਆਉਣ ਦੇ ਡਰ ਨੇ ਉਨ੍ਹਾਂ ਦੀ ਨੀਂਦ ਹਰਾਮ ਕਰ ਦਿੱਤੀ ਹੈ ਕਿਉਂਕਿ ਪਾਣੀ ਚੜ੍ਹਨ ਨਾਲ ਉਨ੍ਹਾਂ ਦੇ ਘਰਾਂ ਦੇ ਹੇਠਾਂ ਫਰਸ਼ ਬੈਠ ਗਏ ਹਨ ਅਤੇ ਕੰਧਾਂ ਵਿੱਚ ਤਰੇੜਾਂ ਪੈਣ ਨਾਲ ਸੁੱਕ ਕੇ ਕੰਧਾਂ ਪਾਟਣ ਲੱਗ ਪਈਆਂ ਹਨ। ਦਰਿਆ ਵਿੱਚ ਪਾਣੀ ਦਾ ਪੱਧਰ ਵਧਣ ਦੀਆਂ ਆ ਰਹੀਆਂ ਖੌਫਨਾਕ ਖਬਰਾਂ ਕਰਕੇ ਹੜ੍ਹਾਂ ਦਾ ਡਰ ਦਿਲੋਂ ਨਹੀ ਨਿਕਲ ਰਿਹਾ। ਨਰਿੰਦਰ ਸਿੰਘ ਪੁੱਤਰ ਦਰਸ਼ਨ ਸਿੰਘ ਡੇਰਾ ਬਾਬੂਆਂ ਰਸੌਲੀ, ਨਫੇ ਸਿੰਘ ਰਸੌਲੀ, ਰਣਜੀਤ ਸਿੰਘ ਪੁੱਤਰ ਸੌਦਾਗਰ ਸਿੰਘ ਸ਼ੁਤਰਾਣਾ ਅਤੇ ਸੰਤੋਖ ਸਿੰਘ ਆਦਿ ਨੇ ਦੱਸਿਆ ਕਿ 1993 ਤੋਂ ਬਾਅਦ ਆਏ ਜ਼ਬਰਦਸਤ ਹੜ੍ਹ ਨੇ ਜਿਥੇ ਫਸਲਾਂ ਦਾ ਵੱਡੇ ਪੱਧਰ 'ਤੇ ਨੁਕਸਾਨ ਕੀਤਾ ਹੈ ਉਥੇ ਹੁਣ ਪਾਣੀ ਪਿੱਛੇ ਹਟਣ ਨਾਲ ਜਿਉਂ ਜਿਉਂ ਕਮਰਿਆਂ ਦੀਆਂ ਕੰਧਾਂ ਸੁੱਕ ਰਹੀਆਂ ਹਨ ਉਨ੍ਹਾਂ ਵਿਚ ਤਰੇੜਾਂ ਪੈ ਰਹੀਆਂ ਹਨ। ਰਾਤ ਨੂੰ ਸੌਣ ਵੇਲੇ ਜੰਗਲੀ ਜੀਵਾਂ ਅਤੇ ਸੱਪਾਂ ਆਦਿ ਤੋਂ ਡਰਦਿਆਂ ਕੋਠਿਆਂ ਦੀਆਂ ਛੱਤਾਂ 'ਤੇ ਸੌਣਾ ਪੈਂਦਾ ਹੈ ਪਰ ਹਰ ਵੇਲੇ ਕੋਠੇ ਡਿਗਣ ਦਾ ਡਰ ਬਣਿਆ ਰਹਿੰਦਾ ਹੈ।

ਰਣਜੀਤ ਸਿੰਘ ਨੇ ਦੱਸਿਆ ਕਿ ਹੜ੍ਹ ਆਉਣ ਵੇਲੇ ਉਹ ਘਰ ਛੱਡ ਕੇ ਉਚੀ ਜਗ੍ਹਾ ਚਲੇ ਗਏ, ਜਦੋਂ ਆ ਕੇ ਵੇਖਿਆ ਤਾਂ ਉਨ੍ਹਾਂ ਦੇ ਘਰਾਂ ਅੰਦਰ ਫਰਸ਼ ਪੰਜ ਪੰਜ ਫੁੱਟ ਬੈਠ ਗਿਆ ਹੈ ਅਤੇ ਕਦੇ ਵੀ ਘਰ ਡਿਗ ਸਕਦਾ ਹੈ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਫਸਲਾਂ ਦੀ ਗਿਰਦਾਵਰੀ ਦੇ ਨਾਲ ਉਨ੍ਹਾਂ ਦੇ ਮਕਾਨਾਂ ਦੀ ਵੀ ਗਿਰਦਾਵਰੀ ਕਰਵਾ ਕੇ ਉਨ੍ਹਾਂ ਨੂੰ ਮੁਆਵਜ਼ਾ ਦਿੱਤਾ ਜਾਵੇ।

ਲੱਲ ਕਲਾਂ 'ਚ ਡੇਂਗੂ ਵਿਰੋਧੀ ਜਾਗਰੂਕਤਾ ਕੈਂਪ ਲਾਇਆ

ਖੰਨਾ, (ਸੁਖਵਿੰਦਰ ਭਾਦਲਾ, ਪਰਮਿੰਦਰ ਮੌਨੂੰ)- ਸਿਵਲ ਸਰਜਨ ਲੁਧਿਆਣਾ ਦੇ ਦਿਸਾ ਨਿਰਦੇਸਾਂ ਅਨੁਸਾਰ ਸੀਨੀਅਰ ਮੈਡੀਕਲ ਅਫਸਰ ਸੀ. ਐੱਚ. ਸੀ. ਮਾਨੂੰਪੁਰ ਡਾਕਟਰ ਰਵੀ ਦੱਤ ਦੀ ਯੋਗ ਅਗਵਾਈ ਹੇਠ ਸਬ ਸੈਂਟਰ ਖਹਿਰਾ ਦੀ ਟੀਮ ਵੱਲੋਂ ਪਿੰਡ ਲੱਲ ਕਲਾਂ ਵਿਖੇ ਡੇਂਗੂ ਵਿਰੋਧੀ ਜਾਗਰੂਕਤਾ ਕੈਂਪ ਲਾਇਆ ਗਿਆ। ਇਸ ਕੈਂਪ ਨੂੰ ਸੰਬੋਧਨ ਕਰਦਿਆਂ ਸਿਹਤ ਸੁਪਰਵਾਈਜ਼ਰ ਜਰਨੈਲ ਸਿੰਘ ਮੀਰਪੁਰ ਨੇ ਦੱਸਿਆ ਕਿ ਡੇਂਗੂ ਬੁਖਾਰ ਏਡੀਜ਼ ਐਜਪਟੀ ਮੱਛਰ ਦੇ ਕੱਟਣ ਨਾਲ ਫੈਲਦਾ ਹੈ। ਇਹ ਮੱਛਰ ਸਾਫ ਤੇ ਖੜੇ ਪਾਣੀ ਵਿੱਚ ਪੈਦਾ ਹੁੰਦਾ ਹੈ। ਇਸ ਮੱਛਰ ਦੀ ਪੈਦਾਇਸ਼ ਰੋਕਣ ਲਈ ਆਪਣੇ ਘਰਾਂ ਨੇੜੇ ਤੇ ਘਰਾਂ ਦੀਆਂ ਛੱਤਾਂ ਉਪਰ ਟੁੱਟੇ ਬਰਤਨਾਂ, ਪੁਰਾਣੇ ਟਾਇਰ ਨਾ ਰੱਖੋ, ਘਰਾਂ ਵਿੱਚ ਚੱਲ ਰਹੇ ਕੂਲਰ, ਫਰਿਜ ਦੀਆਂ ਟਰੇਆਂ ਆਦਿ ਵਿੱਚ ਪਾਣੀ ਜਮ੍ਹਾਂ ਨਾ ਹੋਣ ਦਿੱਤਾ ਜਾਵੇ। ਆਪਣੇ ਘਰ ਵਿੱਚ ਚੱਲ ਰਹੇ ਕੂਲਰ ਦਾ ਪਾਣੀ ਹਫਤੇ ਵਿੱਚ ਦੋ ਵਾਰ ਬਦਲੋ। ਇਸ ਮੌਕੇ ਸੀ ਐੱਚ ਓ ਸੰਦੀਪ ਕੌਰ ਨੇ ਦੱਸਿਆ ਕਿ ਇਸ ਮੱਛਰ ਦੇ ਕੱਟਣ ਨਾਲ ਪੀੜਤ ਮਰੀਜ਼ ਦਾ ਸਿਰ ਦਰਦ, ਮਾਸਪੇਸ਼ੀਆਂ 'ਚ ਦਰਦ ਆਦਿ ਲੱ

24-JULY-PAGE-7.qxd 7/23/2023 10:22 PM Page 1

ਵਾਅਦਾ-ਖਿਲਾਫੀ ਦੇ ਵਿਰੋਧ 'ਚ ਡੀ ਟੀ ਐੱਫ ਨੇ ਫੂਕੀ ਡੀ ਈ ਓ ਦੀ ਅਰਥੀ

ਦਿੜ੍ਹਬਾ (ਜਸਵੀਰ ਲਾਡੀ)

ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਜ਼ਿਲ੍ਹਾ ਸੰਗਰੂਰ ਦੀ ਬਲਾਕ ਸੁਨਾਮ-2 (ਦਿੜ੍ਹਬਾ) ਇਕਾਈ ਵੱਲੋਂ ਡੀ.ਈ.ਓ.(ਐ.ਸਿ.) ਸੰਗਰੂਰ ਦੀ ਅਰਥੀ ਬੀ.ਪੀ.ਈ.ਓ. ਸੂਲਰ ਘਰਾਟ ਦੇ ਦਫਤਰ ਦੇ ਬਾਹਰ ਫੂਕੀ ਗਈ। ਜਾਣਕਾਰੀ ਦਿੰਦਿਆਂ ਬਲਾਕ ਪ੍ਰਧਾਨ ਰਾਜਵੀਰ ਸਿੰਘ ਨਾਗਰਾ ਤੇ ਸਕੱਤਰ ਨਾਇਬ ਸਿੰਘ ਰਟੋਲਾ ਨੇ ਦੱਸਿਆ ਕਿ ਡੀ.ਟੀ.ਐੱਫ. ਵੱਲੋਂ ਵੱਖ-ਵੱਖ ਅਧਿਆਪਕ ਮੰਗਾਂ ਮਸਲਿਆਂ ਦੇ ਸਬੰਧ ਵਿੱਚ 1 ਜੂਨ ਨੂੰ ਉਕਤ ਡੀ.ਈ.ਓ. ਦੇ ਦਫਤਰ ਅੱਗੇ ਧਰਨਾ ਲਾਇਆ ਗਿਆ ਸੀ। ਇਸ ਧਰਨੇ ਵਿੱਚ ਆ ਕੇ ਡੀ.ਈ.ਓ. ਐਲੀਮੈਂਟਰੀ ਨੇ 10 ਦਿਨਾਂ ਦੇ ਅੰਦਰ ਅਧਿਆਪਕਾਂ ਦੀਆਂ ਮੰਗਾਂ ਪੂਰੀਆਂ ਕਰਨ ਦਾ ਵਾਅਦਾ ਕੀਤਾ ਸੀ, ਪ੍ਰੰਤੂ ਡੀ.ਈ.ਓ. ਵੱਲੋਂ ਨਾ ਸਿਰਫ ਜਥੇਬੰਦੀ ਨਾਲ ਵਾਅਦਾ ਖਿਲਾਫੀ ਕੀਤੀ ਗਈ, ਸਗੋਂ ਅਧਿਆਪਕਾਂ ਵਿੱਚ ਜਥੇਬੰਦੀ ਦਾ ਅਕਸ ਖਰਾਬ ਕਰਨ ਦੀ ਕੋਸ਼ਿਸ਼ ਵੀ ਕੀਤੀ ਗਈ। ਇਸ ਵਰਤਾਰੇ ਦੇ ਰੋਸ ਵਜੋਂ 30 ਜੂਨ ਨੂੰ ਦੁਬਾਰਾ ਜਥੇਬੰਦੀ ਵੱਲੋਂ ਲਾਏ ਧਰਨੇ ਨੂੰ ਇਸ ਅਧਿਕਾਰੀ ਨੇ ਜਾਣ-ਬੁੱਝ ਕੇ ਨਜ਼ਰਅੰਦਾਜ਼ ਕੀਤਾ ਤੇ ਪੁਲਸ ਪ੍ਰਸ਼ਾਸਨ ਦੀ ਮਦਦ ਨਾਲ ਅਧਿਆਪਕਾਂ ਦੇ ਧਰਨਾ ਲਾਉਣ ਦੇ ਹੱਕ ਨੂੰ ਕੁਚਲਣ ਦੀ ਕੋਸ਼ਿਸ਼ ਵੀ ਕੀਤੀ। ਇਸ ਦੇ ਸਿੱਟੇ ਵਜੋਂ ਜਥੇਬੰਦੀ ਦੀ ਜ਼ਿਲ੍ਹਾ ਕਮੇਟੀ ਵੱਲੋਂ ਇਸ ਦੇ ਰੋਸ ਵਜੋਂ ਬਲਾਕ ਪੱਧਰ 'ਤੇ ਅਧਿਕਾਰੀ ਦੀਆਂ ਅਰਥੀਆਂ ਫੂਕਣ ਦਾ ਪ੍ਰੋਗਰਾਮ ਦਿੱਤਾ ਗਿਆ, ਜਿਸ ਦੇ ਅਨੁਸਾਰ ਅੱਜ ਬਲਾਕ ਸੁਨਾਮ-2 ਵਿੱਚ ਇਹ ਅਰਥੀ ਫੂਕੀ ਗਈ। ਇਸ ਸਮੇਂ ਜਥੇਬੰਦੀ ਸੂਬਾ ਜਨਰਲ ਸਕੱਤਰ ਬਲਬੀਰ ਲੌਂਗੋਵਾਲ ਨੇ ਅਧਿਆਪਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਸਲ ਵਿੱਚ ਡੀ.ਟੀ.ਐੱਫ. ਜ਼ਿਲ੍ਹੇ ਦੇ ਬੀ.ਪੀ.ਈ.ਓਜ਼ ਤੇ ਡੀ.ਈ.ਓ. ਦੀਆਂ ਮਨਮਾਨੀਆਂ ਦੇ ਵਿਰੋਧ ਤੇ ਅਧਿਆਪਕਾਂ ਦੇ ਹੱਕ ਵਿੱਚ ਹਮੇਸ਼ਾ ਦੀ ਤਰ੍ਹਾਂ ਡੱਟ ਕੇ ਖੜ੍ਹ ਰਹੀ ਹੈ, ਜਿਸ ਦੇ ਸਿੱਟੇ ਵਜੋਂ ਇਹ ਅਧਿਕਾਰੀ ਬੁਖਲਾ ਕੇ ਜਥੇਬੰਦੀ ਵਿਰੁੱਧ ਕੋਝੀਆਂ ਚਾਲਾਂ ਚੱਲ ਰਹੇ ਹਨ, ਪ੍ਰੰਤੂ ਜਥੇਬੰਦੀ ਆਪਣੇ ਕਿਰਦਾਰ ਅਨੁਸਾਰ ਅਧਿਆਪਕਾਂ ਦੇ ਮੰਗਾਂ-ਮਸਲਿਆਂ ਨੂੰ ਹੱਲ ਕਰਾਉਣ ਦੀ ਲੜਾਈ ਦੇ ਨਾਲ-ਨਾਲ ਉਨ੍ਹਾਂ ਦੇ ਮਾਣ ਸਨਮਾਨ ਦੀ ਲੜਾਈ ਲੜਦੀ ਰਹੇਗੀ ਅਤੇ ਜਨਤਕ ਸਿੱਖਿਆ ਤੇ ਅਧਿਆਪਕ ਵਿਰੋਧੀ ਕਰਵਾਈਆਂ ਕਰਨ ਵਾਲੇ ਅਧਿਕਾਰੀਆਂ ਵਿਰੁੱਧ ਡੱਟ ਕੇ ਖੜੇਗੀ। ਉਨ੍ਹਾਂ ਮਨੀਪੁਰ ਵਿੱਚ ਵਾਪਰੀ ਔਰਤ ਵਿਰੋਧੀ ਘਟਨਾ ਦੀ ਵੀ ਸਖਤ ਸ਼ਬਦਾਂ 'ਚ ਨਿਖੇਧੀ ਕੀਤੀ। ਬਲਾਕ ਮੀਤ ਹਰਦੀਪ ਸਿੰਘ ਔਜਲਾ ਨੇ ਕਿਹਾ ਕਿ ਇਸ ਤੋਂ ਬਾਅਦ ਅਗਸਤ ਮਹੀਨੇ ਦੇ ਪਹਿਲੇ ਹਫਤੇ ਡੀ.ਈ.ਓ.(ਐ.ਸਿ.) ਸੰਗਰੂਰ ਦੇ ਦਫਤਰ ਅੱਗੇ ਧਰਨਾ ਦਿੱਤਾ ਜਾਵੇਗਾ। ਅੱਜ ਦੇ ਮੁਜ਼ਾਹਰੇ ਵਿੱਚ ਸਹਿਦੇਵ ਸਿੰਘ, ਜਗਦੀਪ ਸਿੰਘ, ਮਾਲਵਿੰਦਰ ਸਿੰਘ, ਗੁਰਸੇਵਕ ਸਿੰਘ, ਬਲਵਿੰਦਰ ਸਿੰਘ, ਗੁਰਜੀਤ ਸਿੰਘ, ਜਗਤਾਰ ਸਿੰਘ, ਓਂਕਾਰ ਸਿੰਘ, ਰਾਜਬੀਰ ਸਿੰਘ, ਗੁਰਪਿੰਦਰ ਸਿੰਘ, ਮੰਗਲ ਸਿੰਘ, ਕੁਲਵਿੰਦਰ ਸਿੰਘ, ਗੁਰਪ੍ਰੀਤ ਕੌਰ ਸੁਨੀਤਾ, ਸਤਬੀਰ ਕੌਰ, ਦੀਪਿਕਾ, ਊਸ਼ਾ ਆਦਿ ਹਾਜ਼ਰ ਸਨ।

ਅਮਨਦੀਪ ਕੌਰ ਦਾ ਰੱਤੋਕੇ ਸਕੂਲ ਵੱਲੋਂ ਸਨਮਾਨ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)-ਰੱਤੋਕੇ ਸਕੂਲ ਦੀ ਹੋਣਹਾਰ ਵਿਦਿਆਰਥਣ ਅਮਨਦੀਪ ਕੌਰ ਨੇ ਰਾਸ਼ਟਰ ਪੱਧਰੀ ਖੇਲੋ ਇੰਡੀਆ ਦੇ ਰੋਇੰਗ ਮੁਕਾਬਲਿਆਂ ਵਿੱਚ ਇੱਕ ਚਾਂਦੀ ਤੇ ਇੱਕ ਤਾਂਬੇ ਦਾ ਮੈਡਲ ਜਿੱਤ ਕੇ ਰੱਤੋਕੇ ਦਾ ਪੂਰੇ ਭਾਰਤ ਵਿੱਚ ਨਾਂਅ ਚਮਕਾਇਆ ਹੈ। ਅਮਨ ਦੀ ਇਸ ਪ੍ਰਾਪਤੀ ਤੋਂ ਬਾਅਦ ਉਸ ਦਾ ਪਿੰਡ ਦੇ ਸਕੂਲ ਪਹੁੰਚਣ 'ਤੇ ਸਕੂਲ ਸਟਾਫ ਤੇ ਪਿੰਡ ਵਾਸੀਆਂ ਨੇ ਭਰਵਾਂ ਸਵਾਗਤ ਕੀਤਾ। ਇਸ ਮੌਕੇ ਅਮਨ ਨੂੰ ਸਾਬਾਸ਼ ਦਿੰਦਿਆਂ ਸਰਪੰਚ ਕੁਲਦੀਪ ਕੌਰ ਨੇ ਉਸ ਨੂੰ ਬਾਕੀ ਨੌਜਵਾਨਾਂ ਲਈ ਪ੍ਰੇਰਣਾ ਸ੍ਰੋਤ ਦੱਸਿਆ। ਸਾਬਕਾ ਸਰਪੰਚ ਸਰਜਾ ਸਿੰਘ ਨੇ ਕਿਹਾ ਕਿ ਅਮਨਦੀਪ ਵਰਗੀ ਧੀ 'ਤੇ ਸਾਨੂੰ ਬਹੁਤ ਮਾਣ ਹੈ। ਅਧਿਆਪਕਾ ਕਰਮਜੀਤ ਕੌਰ, ਰੇਨੂੰ ਸਿੰਗਲਾ, ਚਰਨਜੀਤ ਕੌਰ ਤੇ ਸੱਤਪਾਲ ਕੌਰ ਨੇ ਕਿਹਾ ਕਿ ਅਮਨਦੀਪ ਦੀ ਸਫਲਤਾ ਪੂਰੇ ਸਟਾਫ ਨੂੰ ਨਵੀਂ ਊਰਜਾ ਦੇਵੇਗੀ। ਅਧਿਆਪਕਾ ਸੁਖਪਾਲ ਸਿੰਘ ਨੇ ਦੱਸਿਆ ਕਿ ਇਸ ਸਾਲ ਵੀ ਅਮਨ ਦੀ ਤਰ੍ਹਾਂ ਸਾਡੀਆਂ ਦੋ ਵਿਦਿਆਰਥਣਾਂ ਮਨਦੀਪ ਕੌਰ ਤੇ ਜੈਨਮ ਰਾਣੀ ਰੋਪੜ ਵਿੰਗ ਲਈ ਚੁਣੀਆਂ ਗਈਆਂ ਹਨ। ਸਾਨੂੰ ਉਨ੍ਹਾਂ ਤੋਂ ਵੀ ਬਹੁਤ ਆਸ ਹੈ। ਪ੍ਰਦੀਪ ਸਿੰਘ ਤੇ ਮੈਡਮ ਰਣਜੀਤ ਕੌਰ ਨੇ ਅਮਨਦੀਪ ਨੂੰ ਵਧਾਈ ਦਿੰਦਿਆਂ ਉਸ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ।

31 ਕਰੋੜ ਖਰਚਣ ਦੇ ਬਾਵਜੂਦ ਪੀਣ ਯੋਗ ਪਾਣੀ ਨੂੰ ਤਰਸ ਰਹੇ ਸ਼ਹਿਰ ਵਾਸੀ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਭਾਰਤ ਸਰਕਾਰ ਨੇ ਅਮ੍ਰਿਤ ਪ੍ਰੋਜੈਕਟ ਅਧੀਨ ਸਾਲ 2015 ਵਿੱਚ ਮੁਕਤਸਰ ਨੂੰ ਅਮ੍ਰਿਤ ਸ਼ਹਿਰ ਘੋਸ਼ਿਤ ਕਰਨ ਤੋਂ ਬਾਅਦ ਮੁਕਤਸਰ ਸ਼ਹਿਰ ਲਈ 24 ਘੰਟੇ ਪੀਣ ਯੋਗ ਪਾਣੀ ਦੀ ਸਪਲਾਈ ਲਈ 31 ਕਰੋੜ ਰੁਪਏ ਜਾਰੀ ਕੀਤੇ ਗਏ ਸਨ। ਕਾਰਜਕਾਰੀ ਇੰਜ. ਵਾਟਰ ਸਪਲਾਈ ਤੇ ਸੈਨੀਟੇਸ਼ਨ ਮੰਡਲ-2 ਸ੍ਰੀ ਮੁਕਤਸਰ ਸਾਹਿਬ ਵੱਲੋਂ ਟੈਂਡਰ ਲਗਾ ਕੇ ਮੈਸਰਜ਼ ਆਰ. ਕੇ. ਬਿਲਡਰ ਬਠਿੰਡਾ ਨੂੰ 13 ਅਗਸਤ 2020 ਨੂੰ ਕੰਮ ਅਲਾਟ ਕੀਤਾ ਸੀ। ਸਰਹੰਦ ਫੀਡਰ ਤੋਂ ਮੁੱਖ ਜਲ ਘਰ ਮੁਕਤਸਰ ਤੱਕ 9.1 ਕਿਲੋਮੀਟਰ 900 ਐੱਮ.ਐੱਮ. ਡਾਇਆ ਪਾਈਪ ਵਿਛਾਉਣ ਦਾ ਕੰਮ 20 ਫਰਵਰੀ 2022 ਤੋਂ ਪਹਿਲਾਂ ਦਾ ਪੂਰਾ ਹੋ ਚੁੱਕਾ ਹੈ, ਪ੍ਰੰਤੂ ਅਜੇ ਤੱਕ ਸਰਹੰਦ ਫੀਡਰ 'ਤੇ ਮੋਘਾ (ਆਉਟਲੈਟ) ਨਾ ਲੱਗਣ ਕਾਰਨ ਪਾਣੀ ਦੀ ਸਪਲਾਈ ਚਾਲੂ ਨਹੀਂ ਹੋ ਸਕੀ। ਵਿਭਾਗ ਦੀ ਲਾਪ੍ਰਵਾਹੀ ਕਾਰਨ 31 ਕਰੋੜ ਰੁਪਏ ਖਰਚ ਹੋਣ ਦੇ ਬਾਵਜੂਦ ਸ਼ਹਿਰ ਵਾਸੀ ਪੀਣ ਯੋਗ ਪਾਣੀ ਨੂੰ ਤਰਸ ਰਹੇ ਹਨ। ਭਰੋਸੇਯੋਗ ਸ੍ਰੋਤਾਂ ਤੋਂ ਪਤਾ ਲੱਗਾ ਹੈ ਕਿ ਸਿੰਚਾਈ ਵਿਭਾਗ ਵੱਲੋਂ ਮੋਘੇ ਦਾ ਡਿਜ਼ਾਇਨ ਪਾਸ ਹੋ ਕੇ ਵਾਟਰ ਸਪਲਾਈ ਦੇ ਦਫ਼ਤਰ ਰਕਮ ਜਮ੍ਹਾਂ ਕਰਵਾਉਣ ਲਈ ਭੇਜਿਆ ਜਾ ਚੁੱਕਾ ਹੈ। ਵਾਟਰ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਨੇ ਮੁਕਤਸਰ ਸ਼ਹਿਰ ਨੂੰ ਤਿੰਨ ਹਿੱਸਿਆਂ 'ਚ ਵੰਡਿਆ ਹੈ। ਪਹਿਲਾ ਮੇਨ ਵਾਟਰ ਵਰਕਸ ਕੋਟਕਪੂਰਾ ਰੋਡ, ਜਿਸ ਵਿੱਚ ਵਾਰਡ ਨੰਬਰ 2 ਤੋਂ 4 ਤੇ 6 ਤੋਂ 20.5 ਸ਼ਾਮਲ ਹੈ।

ਦੂਜਾ ਵਾਟਰ ਸਪਲਾਈ ਸਕੀਮ ਚੱਕ ਬੀੜ ਸਰਕਾਰ ਸਕੀਮ ਨੰਬਰ 2, ਜਿਸ ਵਿੱਚ ਵਾਰਡ ਨੰਬਰ 5 ਸ਼ਾਮਲ ਹੈ ਅਤੇ ਤੀਜਾ ਪਾਰਟ ਟਿੱਬੀ ਸਾਹਿਬ ਰੋਡ ਵਾਰਡ ਨੰਬਰ 1, ਵਾਡਰ ਨੰਬਰ, 22 ਤੋਂ 31 ਤੱਕ ਸ਼ਾਮਲ ਹੈ।

ਜੇਕਰ ਸਰਹੰਦ ਫੀਡਰ ਤੋਂ ਪਾਣੀ ਚਾਲੂ ਹੋ ਜਾਂਦਾ ਹੈ ਤਾਂ ਫਿਰ ਪਾਣੀ ਪਾਰਟ ਨੰਬਰ 1 ਦੇ 20.5 ਵਾਰਡਾਂ ਦੇ ਖਪਤਕਾਰਾਂ ਨੂੰ ਮਿਲੇਗਾ, ਪਰ ਲਾਈਨ ਤੋਂ ਪਾਰ ਪੈਂਦੇ 10.5 ਵਾਰਡ ਤੇ ਚੱਕ ਬੀੜ ਸਰਕਾਰ ਦੇ ਵਾਰਡ ਨੰਬਰ 5 ਦੇ ਖਪਤਕਾਰਾਂ ਨੂੰ ਸਰਹੰਦ ਫੀਡਰ ਤੋਂ ਪਾਣੀ ਨਹੀਂ ਮਿਲ ਸਕੇਗਾ, ਕਿਉਂਕਿ ਪਾਰਟ 2 ਤੇ 3 ਦੇ ਏਰੀਏ ਮੇਨ ਵਾਟਰ ਵਰਕਸ ਨਾਲ ਲਿੰਕ ਨਹੀਂ ਹਨ। ਵਾਟਰ ਵਰਕਸ ਨੂੰ ਅੱਪਗ੍ਰੇਡ ਕਰਨ ਲਈ 5 ਕਰੋੜ ਰੁਪਏ ਖਰਚ ਕਰਕੇ ਨਵਾਂ ਵਾਟਰ ਟਰੀਟਮੈਂਟ ਪਲਾਂਟ ਬਣਾਇਆ ਗਿਆ ਹੈ। ਫਾਟਕ ਤੋਂ ਪਾਰ 10.5 ਵਾਰਡ ਦੇ ਖਪਤਕਾਰ ਤੇ ਚੱਕ ਬੀੜ ਸਰਕਾਰ ਦੇ ਵਾਰਡ ਨੰਬਰ 5 ਦੇ ਖਪਤਕਾਰਾਂ, ਜਿਨ੍ਹਾਂ ਵਿੱਚੋਂ ਮੁੱਖ ਤੌਰ 'ਤੇ ਮੋਹਕਮ ਸਿੰਘ ਸੰਧੂ, ਮਹਿਬੂਬ ਸਿੰਘ ਗਿੱਲ, ਬਲਜੀਤ ਸਿੰਘ, ਵਿਜੈ ਕੁਮਾਰ ਬਾਂਸਲ, ਐਡਵੋਕੇਟ ਸੰਦੀਪ ਆਹੂਜਾ, ਹਰਦੀਪ ਸਿੰਘ ਬੀਤਾ, ਮਾਸਟਰ ਰੇਸ਼ਮ ਸਿੰਘ ਆਦਿ ਨੇ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਹੈ ਕਿ ਸਾਡੇ ਹਲਕੇ ਨੂੰ ਮੁੱਖ ਵਾਟਰ ਵਰਕਸ ਨਾਲ ਜੋੜ ਕੇ ਪਾਣੀ ਦੀ ਸਪਲਾਈ ਚਾਲੂ ਕਰਵਾਈ ਜਾਵੇ।

ਇਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਜੋ ਪਾਣੀ ਦੀ ਪਾਈਪ ਲਾਈਨ ਜਲਾਲਾਬਾਦ ਰੋਡ ਫਾਟਕ ਨੂੰ ਕਰਾਸ ਕਰਕੇ ਬਾਗ ਵਾਲੇ ਸਕੂਲ ਦੀ ਟੰਕੀ ਤੱਕ ਜਾਂਦੀ ਸੀ, ਪੁਲ ਦੀ ਉਸਾਰੀ ਦੌਰਾਨ ਕੱਟ ਕੇ ਬੰਦ ਕਰ ਦਿੱਤੀ ਗਈ ਹੈ। ਨੈਸ਼ਨਲ ਕੰਜ਼ਿਊਮਰ ਅਵੇਅਰਨੈੱਸ ਗਰੁੱਪ ਦੇ ਪ੍ਰਧਾਨ ਸ਼ਾਮ ਲਾਲ ਗੋਇਲ ਨੇ ਮੰਗ ਕੀਤੀ ਹੈ ਕਿ ਜਲਦ ਤੋਂ ਜਲਦ ਮੋਘਾ ਲਗਾ ਕੇ ਪਾਣੀ ਦੀ ਸਪਲਾਈ ਚਾਲੂ ਕੀਤੀ ਜਾਵੇ।

ਕਾਤਰਾਂ

ਫ਼ੈਵੀਕੋਲ ਚੈਂਪੀਅਨ ਕਲੱਬ ਦੀ ਮੀਟਿੰਗ

ਜਗਰਾਓਂ (ਅਮਿਤ ਖੰਨਾ)-ਫ਼ੈਵੀਕੋਲ ਚੈਂਪੀਅਨ ਕਲੱਬ ਵੱਲੋਂ ਮਹੀਨਾਵਾਰ ਮੀਟਿੰਗ ਕੀਤੀ ਗਈ, ਜਿਸ ਵਿੱਚ ਫ਼ੈਵੀਕੋਲ ਕੰਪਨੀ ਦੇ ਮੈਨੇਜਰ ਵਿਨੈ ਸ਼ਰਮਾ, ਪ੍ਰਿੰਸ ਅਰੋੜਾ, ਪ੍ਰਮੋਟਰ ਵਿਸ਼ਾਲ ਸ਼ਾਮਲ ਹੋਏ। ਇਸ ਮੀਟਿੰਗ ਵਿੱਚ ਕੰਪਨੀ ਵੱਲੋਂ ਵੱਧ ਫ਼ੈਵੀਕੋਲ ਲਗਾਉਣ 'ਤੇ ਪ੍ਰਧਾਨ ਮੰਗਲ ਸਿੰਘ ਸਿੱਧੂ, ਮੰਗਲ ਸਿੰਘ ਮੰਗਾ ਕਮਾਲਪੁਰਾ, ਬਲਜੀਤ ਸਿੰਘ, ਗੁਰਦੀਪ ਸਿੰਘ ਰਾਏਕੋਟ ਨੂੰ ਐਵਾਰਡ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਪ੍ਰਧਾਨ ਮੰਗਲ ਸਿੰਘ ਸਿੱਧੂ ਨੇ ਕਿਹਾ ਕਿ ਫ਼ੈਵੀਕੋਲ ਕੰਪਨੀ ਦੇਸ਼ ਦੀ ਸਭ ਤੋਂ ਵੱਡੀ ਕੰਪਨੀ ਹੈ। ਇਸ ਮੌਕੇ ਕੁੱਝ ਨਵੇਂ ਪ੍ਰੋਜੈਕਟ ਵੀ ਲਾਂਚ ਕੀਤੇ ਗਏ। ਇਸ ਮੌਕੇ ਪ੍ਰਧਾਨ ਮੰਗਲ ਸਿੰਘ ਸਿੱਧੂ, ਸੁਰਿੰਦਰ ਸਿੰਘ ਕਾਕਾ, ਸੁਖਦੇਵ ਸਿੰਘ ਘਟੋੜੇ, ਬਲਜੀਤ ਸਿੰਘ, ਮੰਗਲ ਸਿੰਘ ਮੰਗਾ, ਗੁਰਦੀਪ ਸਿੰਘ ਰਾਏਕੋਟ, ਮਨਦੀਪ ਸਿੰਘ ਮਨੀ, ਨਿਰਮਲ ਸਿੰਘ ਨੀਮਾ, ਸਿਮਰਨਜੀਤ ਸਿੰਘ ਆਦਿ ਹਾਜ਼ਰ ਸਨ।

ਮੈਡੀਕਲ ਪ੍ਰੈਕਟੀਸ਼ਨਰ ਐਸ. ਦੀ ਇਕੱਤਰਤਾ

ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਡੋਰੀ ਗਰੁੱਪ ਦੀ ਬਲਾਕ ਪੱਧਰੀ ਮੀਟਿੰਗ ਪ੍ਰਧਾਨ ਡਾ: ਦਲਬਾਰ ਸਿੰਘ ਮਹਿਲ ਕਲਾਂ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਚੇਅਰਮੈਨ ਕੇਸਰ ਖਾਨ, ਸਰਪ੍ਰਸਤ ਅਮਰਜੀਤ ਸਿੰਘ ਕਾਲਸਾਂ, ਗੁਰਮੀਤ ਸਿੰਘ ਦੀਵਾਨਾ ਨੇ ਕਿਹਾ ਕਿ ਜਥੇਬੰਦੀ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਮੈਡੀਕਲ ਪ੍ਰੈਕਟੀਸ਼ਨਰਜ਼ ਦੀਆਂ ਹੱਕੀ ਮੰਗਾਂ ਦੀ ਪ੍ਰਾਪਤੀ ਲਈ ਲਗਾਤਾਰ ਸੰਘਰਸ਼ ਲੜਿਆ ਜਾ ਰਿਹਾ ਹੈ, ਵਿਧਾਨ ਸਭਾ ਚੋਣਾਂ ਸਮੇਂ ਭਗਵੰਤ ਮਾਨ ਵੱਲੋਂ ਮੈਡੀਕਲ ਪ੍ਰੈਕਟੀਸ਼ਨਰਜ਼ ਨਾਲ ਕੀਤੇ ਵਾਅਦੇ ਪੂਰੇ ਕਰਨ ਤੋਂ ਸਰਕਾਰ ਭੱਜ ਰਹੀ ਹੈ। ਆਗੂਆਂ ਨੇ ਕਿਸਾਨ ਘੋਲ 'ਚ ਅਹਿਮ ਰੋਲ ਅਦਾ ਕਰਨ ਵਾਲੇ ਕਿਸਾਨ ਬਲਜੀਤ ਸਿੰਘ ਸੋਢਾ ਦੀ ਬੇਵਕਤੀ ਮੌਤ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਕਿਸਾਨ ਲਹਿਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਇਸ ਮੌਕੇ ਅਮਰਜੀਤ ਸਿੰਘ ਮਹਿਲ ਕਲਾਂ, ਮੇਜਰ ਸਿੰਘ ਛਾਪਾ, ਪਰਮਜੀਤ ਸਿੰਘ ਛਾਪਾ, ਨਿਰਭੈ ਸਿੰਘ ਨਿਹਾਲੂਵਾਲ, ਜੰਗ ਬਹਾਦਰ, ਜਸਵੰਤ ਸਿੰਘ ਛੀਨੀਵਾਲ, ਬਾਰੂ ਮੁਹੰਮਦ, ਹਰੀ ਸਿੰਘ, ਬੇਅੰਤ ਸਿੰਘ ਮੂੰਮ, ਗੁਰਚਰਨ ਸਿੰਘ ਹੂੰਝਣ ਨੇ ਵੀ ਵਿਚਾਰ ਰੱਖੇ।

ਤਰਕਸ਼ੀਲ ਸੁਸਾਇਟੀ ਛਾਜਲੀ ਵੱਲੋਂ ਸੈਮੀਨਾਰ 29 ਨੂੰ

ਦਿੜ੍ਹਬਾ (ਜਸਵੀਰ ਲਾਡੀ)-ਤਰਕਸ਼ੀਲ ਸੁਸਾਇਟੀ ਇਕਾਈ ਛਾਜਲੀ ਵੱਲੋਂ ਸ਼ਹੀਦ ਭਗਤ ਸਿੰਘ ਲਾਇਬਰੇਰੀ ਛਾਜਲੀ ਵਿਖੇ ਮੀਟਿੰਗ ਕੀਤੀ ਗਈ। ਪ੍ਰੈੱਸ ਨਾਲ ਗੱਲਬਾਤ ਕਰਦਿਆਂ ਜਥੇਬੰਦਕ ਮੁਖੀ ਭੀਮ ਰਾਜ ਨੇ ਦੱਸਿਆ ਕਿ ਮੀਟਿੰਗ ਵਿੱਚ ਸੂਬਾ ਕਮੇਟੀ ਵੱਲੋਂ ਹਰ ਸਾਲ ਕਰਵਾਈ ਜਾਂਦੀ ਸਾਲਾਨਾ ਚੇਤਨਾ ਪਰਖ ਪ੍ਰੀਖਿਆ ਸਬੰਧੀ ਅਗਲੀ ਵਿਉਂਤਬੰਦੀ ਬਣਾਈ ਗਈ ਤੇ ਪਿੰਡ ਇਕਾਈ ਵੱਲੋਂ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਵਸ ਨੂੰ ਸਮਰਪਤ ਸੈਮੀਨਾਰ 29 ਜੁਲਾਈ ਨੂੰ ਸ਼ਹੀਦ ਊਧਮ ਪਾਰਕ (ਪੈਲੇਸ) ਵਿਖੇ ਕਰਨ ਦਾ ਫੈਸਲਾ ਕੀਤਾ, ਜਿਸ ਵਿੱਚ ਮੁੱਖ ਬੁਲਾਰੇ ਖੋਜੀ ਇਤਿਹਾਸਕਾਰ ਰਾਕੇਸ਼ ਕੁਮਾਰ ਹੋਣਗੇ। ਇਕਾਈ ਵੱਲੋਂ ਸਮੁੱਚੇ ਲੋਕਾਂ ਤੇ ਲੋਕਪੱਖੀ ਜਥੇਬੰਦੀਆਂ ਨੂੰ ਇਸ ਪ੍ਰੋਗਰਾਮ 'ਚ ਪਹੁੰਚਣ ਦਾ ਸੱਦਾ ਦਿੱਤਾ ਗਿਆ। ਇਸ ਮੌਕੇ ਲਖਵਿੰਦਰ ਲੱਖਾ, ਤਾਰਾ ਸਿੰਘ, ਸੁਭਾਸ਼, ਮਾਸਟਰ ਪ੍ਰੇਮ ਸਰੂਪ, ਮਾਸਟਰ ਜਸਵਿੰਦਰ ਸਿੰਘ, ਲਾਭ ਸਿੰਘ ਛਾਜਲਾ, ਸਤਨਾਮ ਸਿੰਘ, ਸਿੰਕਦਰ, ਮਨਪ੍ਰੀਤ ਸਿੰਘ, ਬੀਰਬਲ ਸਿੰਘ ਛਾਜਲਾ ਹਾਜ਼ਰ ਸਨ।

ਗੁਰੂ ਨਾਨਕ ਕਾਲਜ ਦਾ ਸ਼ਾਨਦਾਰ ਨਤੀਜਾ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਮਈ 2022-23 ਦੇ ਐਲਾਨੇ ਗਏ ਨਤੀਜਿਆਂ ਵਿੱਚੋਂ ਗੁਰੂ ਨਾਨਕ ਕਾਲਜ ਸ੍ਰੀ ਮੁਕਤਸਰ ਸਾਹਿਬ ਦੇ ਪੋਸਟ ਗ੍ਰੈਜੂਏਟ ਕੰਪਿਊਟਰ ਸਾਇੰਸ ਵਿਭਾਗ ਦੇ ਬੀ.ਸੀ.ਏ. ਸਮੈਸਟਰ ਛੇਵਾਂ ਦਾ ਨਤੀਜਾ ਸੌ ਫੀਸਦੀ ਰਿਹਾ। ਵਿਭਾਗ ਦੇ ਮੁਖੀ ਡਾ. ਸੁਨੀਲ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਨੁਰੀਤ ਕੌਰ ਸਪੁੱਤਰੀ ਜਗਸੀਰ ਸਿੰਘ ਨੇ 89.57% ਅੰਕਾਂ ਨਾਲ ਕਾਲਜ ਵਿੱਚੋਂ ਪਹਿਲਾ, ਤਾਨੀਆ ਸਪੁੱਤਰੀ ਹਰਦੀਪ ਕੁਮਾਰ ਨੇ 88.93% ਅੰਕਾਂ ਨਾਲ ਦੂਜਾ ਤੇ ਕਸ਼ਿਸ਼ ਸਪੁੱਤਰੀ ਰਾਜੀਵ ਕੁਮਾਰ ਨੇ 82.55% ਅੰਕਾਂ ਨਾਲ ਤੀਜਾ ਸਥਾਨ ਹਾਸਲ ਕਰਕੇ ਕਾਲਜ ਤੇ

24-July-PAGE-8.qxd 7/23/2023 10:31 PM Page 1

ਕਟਾਰੂਚੱਕ ਵੱਲੋਂ ਚੌਹਾਲ ਈਕੋ ਟੂਰਿਜ਼ਮ ਪ੍ਰਾਜੈਕਟ ਦਾ ਡਿਜੀਟਲ ਉਦਘਾਟਨ

ਚੰਡੀਗੜ੍ਹ, (ਗੁਰਜੀਤ ਬਿੱਲਾ)- ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਪੰਜਾਬ ਨੂੰ ਈਕੋ ਟੂਰਿਜਮ ਦੇ ਗੜ੍ਹ ਵਜੋਂ ਵਿਕਸਿਤ ਕਰਨ ਹਿੱਤ ਪੂਰੀ ਤਰ੍ਹਾਂ ਵਚਨਬੱਧ ਹੈ। ਇਸੇ ਦੇ ਹਿੱਸੇ ਵਜੋਂ ਪੰਜਾਬ ਦੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਲਾਲ ਚੰਦ ਕਟਾਰੂਚੱਕ ਵੱਲੋਂ ਵਣ ਕੰਪਲੈਕਸ, ਸੈਕਟਰ 68, ਮੋਹਾਲੀ ਤੋਂ ਡਿਜੀਟਲ ਤੌਰ ਉੱਤੇ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਚੌਹਾਲ ਈਕੋ ਟੂਰਿਜ਼ਮ ਪ੍ਰਾਜੈਕਟ (ਨੇਚਰ ਰਟਰੀਟ ਚੌਹਾਲ) ਦਾ ਉਦਘਾਟਨ ਕੀਤਾ ਗਿਆ। ਇਸ ਪ੍ਰਾਜੈਕਟ ਦਾ ਮੁੱਖ ਉਦੇਸ਼ ਲੋਕਾਂ ਨੂੰ ਜੰਗਲ ਅਤੇ ਜੰਗਲੀ ਜੀਵ ਬਾਰੇ ਜਾਣੂੰ ਕਰਵਾਉਣਾ ਅਤੇ ਪੰਜਾਬ ਵਿੱਚ ਈਕੋ ਟੂਰਿਜ਼ਮ ਨੂੰ ਬੜ੍ਹਾਵਾ ਦੇਣਾ ਹੈ। ਇਸ ਪ੍ਰਾਜੈਕਟ ਵਿਖੇ ਲੋਕਾਂ ਦੇ ਰਹਿਣ ਲਈ ਹੱਟਸ ਬਣਾਏ ਗਏ ਹਨ, ਜਿਸਤੇ ਤਕਰੀਬਨ 60 ਲੱਖ ਰੁਪਏ ਦਾ ਖਰਚਾ ਆਇਆ ਹੈ। ਇੱਥੇ ਲੋਕ ਆਪਣੇ ਪਰਿਵਾਰ ਸਮੇਤ ਰਹਿ ਸਕਦੇ ਹਨ। ਇਸ ਪ੍ਰਾਜੈਕਟ ਦੀ ਖਾਸੀਅਤ ਹੈ ਕਿ ਇਹ ਪ੍ਰਾਜੈਕਟ ਲੋਕਲ ਕਮਿਊਨਟੀ ਦੁਆਰਾ ਚਲਾਇਆ ਜਾ ਰਿਹਾ ਹੈ, ਜਿਸਦੇ ਮੁਨਾਫੇ ਦਾ 50% ਹਿੱਸਾ ਪਿੰਡ ਦੇ ਵਿਕਾਸ ਲਈ ਖਰਚ ਕੀਤਾ ਜਾਵੇਗਾ। ਜਾਣਕਾਰੀ ਦਿੰਦੇ ਹੋਏ ਮੰਤਰੀ ਨੇ ਦੱਸਿਆ ਕਿ ਇਸ ਪ੍ਰਾਜੈਕਟ ਵਿੱਚ ਸੈਲਾਨੀਆਂ ਲਈ ਖਾਣ ਪੀਣ ਲਈ ਕੰਟੀਨ ਦਾ ਪ੍ਰਬੰਧ ਵੀ ਹੈ ਅਤੇ ਸੈਲਾਨੀਆਂ ਦੇ ਘੁੰਮਣ ਲਈ ਜੀਪ ਸਫਾਰੀ, ਨੇਚਰ ਟ੍ਰੇਲ ਦੀ ਸੁਵਿਧਾ ਵੀ ਉਪਲੱਬਧ ਹੈ, ਜਿਸ ਤੋਂ ਸੈਲਾਨੀ ਕੁਦਰਤ ਦਾ ਨਜ਼ਾਰਾ ਅਤੇ ਜੰਗਲੀ ਜੀਵ ਜਿਵੇਂ ਕਿ ਮੋਰ, ਸਾਂਬਰ, ਹਿਰਨ, ਚਿੜੀਆਂ, ਤੇਂਦੂਆ ਆਦਿ ਨੂੰ ਵੇਖ ਸਕਦੇ ਹਨ। ਉਨ੍ਹਾਂ ਅਗਾਂਹ ਦੱਸਿਆ ਕਿ ਇਹ ਪੰਜਾਬ ਦਾ ਇਸ ਤਰ੍ਹਾਂ ਦਾ ਤੀਜਾ ਪ੍ਰਾਜੈਕਟ ਹੈ। ਇਸਤੋਂ ਇਲਾਵਾ ਪਹਿਲਾਂ ਪਠਾਨਕੋਟ ਜਿਲ੍ਹੇ ਵਿੱਚ ਮਿੰਨੀ ਗੋਆ, ਹੁਸ਼ਿਆਰਪੁਰ ਵਿਖੇ ਥਾਨਾ ਡੈਮ ਉੱਤੇ ਜੰਗਲ ਲੋਜ਼ਿਜ ਵੀ ਵਣ ਵਿਭਾਗ ਵੱਲੋਂ ਬਣਾਏ ਗਏ ਹਨ, ਜਿਨ੍ਹਾਂ ਨੂੰ ਸੈਲਾਨੀਆਂ ਵੱਲੋਂ ਕਾਫੀ ਪਸੰਦ ਕੀਤਾ ਜਾ ਰਿਹਾ ਹੈ। ਇਸ ਨਵੇਂ ਪ੍ਰਾਜੈਕਟ ਦੇ ਨਾਲ ਲੋਕਾਂ ਨੂੰ ਰੋਜ਼ਗਾਰ ਮਿਲੇਗਾ ਅਤੇ ਸਥਾਨਕ ਲੋਕਾਂ ਦੀ ਆਮਦਨ ਵਿੱਚ ਵਾਧਾ ਹੋਵੇਗਾ। ਇਸ ਤੋਂ ਇਲਾਵਾ ਜਲਦ ਹੀ ਚੌਹਾਲ ਤੋਂ ਤੱਖਣੀ ਵਾਈਲਡ ਲਾਈਫ ਸੈਂਚੂਰੀ ਵਿੱਚ ਜੰਗਲ ਸਫਾਰੀ ਸ਼ੁਰੂ ਕੀਤੀ ਜਾਵੇਗੀ। ਇਸ ਮੌਕੇ ਪ੍ਰਮੁੱਖ ਮੁੱਖ ਵਣਪਾਲ ਆਰ.ਕੇ. ਮਿਸ਼ਰਾ, ਵਣ ਮੰਡਲ ਅਫਸਰ ਹੁਸ਼ਿਆਰਪੁਰ ਨਲਿਨ ਯਾਦਵ ਅਤੇ ਵਣ ਪਾਲ ਨਾਰਥ ਸਰਕਲ ਹੁਸ਼ਿਆਰਪੁਰ ਡਾ. ਸੰਜੀਵ ਕੁਮਾਰ ਤਿਵਾੜੀ ਵੀ ਮੌਜੂਦ ਸਨ।

24,000 ਰੁਪਏ ਰਿਸ਼ਵਤ ਲੈਂਦਾ ਜੂਨੀਅਰ ਸਹਾਇਕ ਕਾਬੂ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਅੱਜ ਹੁਸ਼ਿਆਰਪੁਰ ਜ਼ਿਲ੍ਹੇ ਦੇ ਨਗਰ ਪੰਚਾਇਤ ਮਾਹਿਲਪੁਰ ਵਿਖੇ ਤਾਇਨਾਤ ਜੂਨੀਅਰ ਸਹਾਇਕ ਸ਼ੀਸ਼ਪਾਲ ਨੂੰ 24,000 ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਕਾਬੂ ਕੀਤਾ ਗਿਆ। ਮੁਲਜ਼ਮ ਜੂਨੀਅਰ ਸਹਾਇਕ ਨੂੰ ਰਵਿੰਦਰ ਕੁਮਾਰ ਵਾਸੀ ਊਨਾ (ਹਿਮਾਚਲ ਪ੍ਰਦੇਸ਼) ਦੀ ਸ਼ਿਕਾਇਤ 'ਤੇ ਗ੍ਰਿਫ਼ਤਾਰ ਕੀਤਾ ਗਿਆ। ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਰਵਿੰਦਰ ਕੁਮਾਰ ਨੇ ਮਿਤੀ 14 ਜੁਲਾਈ ਨੂੰ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ 9501 200 200 'ਤੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਹ 2011 ਤੋਂ 2016 ਤੱਕ ਨਗਰ ਪੰਚਾਇਤ, ਮਾਹਿਲਪੁਰ ਵਿਖੇ ਸੈਕਸ਼ਨ ਅਫ਼ਸਰ ਵਜੋਂ ਤਾਇਨਾਤ ਸੀ ਅਤੇ ਉਸ ਵਿਰੁੱਧ ਥਾਨਾ ਮਾਹਿਲਪੁਰ ਵਿਖੇ ਆਈ.ਪੀ.ਸੀ. ਦੀ ਧਾਰਾ 306, 506 ਤਹਿਤ ਦਰਜ ਕੀਤੇ ਗਏ ਕੇਸ ਵਿੱਚ ਦੋਸ਼ੀ ਪਾਏ ਜਾਣ ਉਪਰੰਤ ਉਸ ਨੂੰ 28 ਦਸੰਬਰ 2021 ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ। ਸ਼ਿਕਾਇਤਕਰਤਾ ਅਨੁਸਾਰ ਉਸ ਨੇ ਆਪਣਾ ਪ੍ਰੋਵੀਡੈਂਟ ਫੰਡ (ਪੀ.ਐਫ.) 3,40,116 ਰੁਪਏ ਜਾਰੀ ਕਰਵਾਉਣ ਲਈ ਕਾਰਜਸਾਧਕ ਅਫ਼ਸਰ (ਈ.ਓ.) ਦੇ ਦਫ਼ਤਰ ਵਿੱਚ ਅਰਜ਼ੀਆਂ ਦਿੱਤੀਆਂ ਅਤੇ ਉਸ ਦੇ ਵਟਸਐਪ ਨੰਬਰ 'ਤੇ ਸੰਦੇਸ਼ ਵੀ ਭੇਜੇ।

ਮੁਲਜ਼ਮ ਜੂਨੀਅਰ ਸਹਾਇਕ ਸ਼ੀਸ਼ਪਾਲ ਨੇ ਪੀ.ਐੱਫ. ਦੀ ਰਕਮ ਜਾਰੀ ਕਰਵਾਉਣ ਬਦਲੇ 22 ਜੂਨ 2023 ਨੂੰ ਉਸ ਤੋਂ ਰਿਸ਼ਵਤ ਮੰਗੀ ਅਤੇ ਉਸ ਨੇ ਮੁਲਜ਼ਮ ਜੂਨੀਅਰ ਸਹਾਇਕ ਵੱਲੋਂ ਭੇਜੇ ਆਪਣੇ ਨਿੱਜੀ ਬੈਂਕ ਖਾਤੇ ਵਿਚ ਰਿਸ਼ਵਤ ਦੇ 24000 ਰੁਪਏ ਟਰਾਂਸਫਰ ਕਰ ਦਿੱਤੇ। ਸ਼ਿਕਾਇਤ ਦੀ ਮੁਢਲੀ ਜਾਂਚ ਉਪਰੰਤ ਵਿਜੀਲੈਂਸ ਬਿਊਰੋ ਨੇ ਮੁਲਜ਼ਮ ਸ਼ੀਸ਼ਪਾਲ ਖਿਲਾਫ਼ ਥਾਨਾ ਵਿਜੀਲੈਂਸ ਬਿਊਰੋ, ਜਲੰਧਰ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਐਕਟ ਦੀ ਧਾਰਾ 7 ਅਧੀਨ ਉਸ ਨੂੰ ਗ੍ਰਿਫ਼ਤਾਰ ਕਰ ਲਿਆ।

ਲੁੱਟਾਂ ਖੋਹਾਂ ਕਰਨ ਵਾਲੇ ਦੋ ਨੌਜਵਾਨ ਤੇ ਇੱਕ ਲੜਕੀ ਕਾਬੂ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)—ਥਾਨਾ ਸੁਲਤਾਨਪੁਰ ਲੋਧੀ ਦੀ ਪੁਲਸ ਨੇ ਲੁੱਟਾਂ ਖੋਹਾਂ ਕਰਨ ਵਾਲੇ ਦੋ ਨੌਜਵਾਨਾਂ ਤੇ ਇੱਕ ਲੜਕੀ ਨੂੰ ਕਾਬੂ ਕੀਤਾ ਹੈ। ਡੀਐਸਪੀ ਬਬਨਦੀਪ ਸਿੰਘ ਨੇ ਦੱਸਿਆ ਪਿੰਡ ਦੀਪੇਵਾਲ ਨੇੜੇ ਮਾਤਾ ਮਹਿੰਦਰ ਕੌਰ ਪਤਨੀ ਸੰਤੋਖ ਸਿੰਘ ਵਾਸੀ ਸ਼ਾਹਜਹਾਨਪੁਰ ਆਪਣੇ ਲੜਕੇ ਗੁਰਮੇਲ ਸਿੰਘ ਨਾਲ ਮੋਟਰਸਾਇਕਲ ਨੰਬਰੀ 09 ਏ ਐੱਫ 5149 ਮਾਰਕਾ ਹੀਰੋ ਸਪਲੈਂਡਰ 'ਤੇ ਸਵਾਰ ਹੋ ਕਿ ਨਿੱਜੀ ਕੰਮ ਲਈ ਸੁਲਤਾਨਪੁਰ ਲੋਧੀ ਵਿਖੇ ਆ ਰਹੇ ਸੀ ਤਾਂ ਪਿੰਡ ਦੀਪੇਵਾਲ ਤੋਂ ਥੋੜਾ ਅੱਗੇ ਸ਼ਰਾਬ ਦੇ ਠੇਕੇ ਪਾਸ ਪੁੱਜੇ ਤਾਂ ਪਿੱਛੇ ਤੋਂ ਇੱਕ ਲੜਕਾ ਅਤੇ ਇੱਕ ਲੜਕੀ ਆਪਣੇ ਮੋਟਰਸਾਇਕਲ ਪਰ ਸਾਡੇ ਪਿੱਛੇ ਆ ਰਹੇ ਸੀ ਅਤੇ ਜਿਹਨਾਂ ਦੇ ਪਿੱਛੇ 2 ਮੋਨੇ ਨੌਜਵਾਨ ਇੱਕ ਮੋਟਰ ਸਾਇਕਲ 'ਤੇ ਆ ਰਹੇ ਸੀ। ਉਨਾਂ ਦੱਸਿਆ ਕਿ ਜਿਸ ਮੋਟਰ ਸਾਇਕਲ 'ਤੇ ਲੜਕੀ ਤੇ ਲੜਕਾ ਸਵਾਰ ਸੀ, ਨੇ ਆਪਣਾ ਮੋਟਰਸਾਇਕਲ ਉਹਨਾਂ ਦੇ ਮੋਟਰਸਾਇਕਲ ਦੇ ਬਰਾਬਰ ਕਰਕੇ ਲੜਕੀ ਨੇ ਉੱਚੀ ਅਵਾਜ ਵਿੱਚ ਉਸਦੀ ਮਾਤਾ ਨੂੰ ਕਿਹਾ ਕਿ ਤੁਹਾਨੂੰ ਕੋਈ ਪਿੱਛੇ ਅਵਾਜ ਮਾਰ ਰਿਹਾ ਹੈ। ਜਦ ਮੇਰੀ ਮਾਤਾ ਸਿਰ ਘੁਮਾ ਕੇ ਦੇਖਣ ਲੱਗੀ ਤਾਂ ਲੜਕੀ ਨੇ ਝੱਪਟ ਮਾਰ ਕੇ ਮੇਰੇ ਮਾਤਾ ਦੇ ਸੱਜੇ ਕੰਨ ਦੀ ਸੋਨੇ ਦੀ ਵਾਲੀ ਖਿੱਚ ਲਈ ਤਾਂ ਮੈਂ ਬੜੀ ਫੁਰਤੀ ਨਾਲ ਆਪਣਾ ਮੋਟਰਸਾਇਕਲ ਉਹਨਾਂ ਦੇ ਮੋਟਰਸਾਇਕਲ ਦੇ ਅੱਗੇ ਲਗਾ ਕੇ ਰੋਕ ਲਿਆ ਤਾਂ ਉਹਨਾਂ ਦਾ ਮੋਟਰਸਾਇਕਲ ਜਮੀਨ 'ਤੇ ਡਿੱਗ ਗਿਆ। ਮੋਟਰਸਾਇਕਲ ਡਿੱਗਣ ਨਾਲ ਝਪਟ ਮਾਰਨ ਵਾਲੀ ਲੜਕੀ ਦੀ ਸੱਜੀ ਲੱਤ

ਮੋਟਰਸਾਇਕਲ ਦੇ ਹੇਠਾਂ ਆ ਗਈ ਤੇ ਲੜਕਾ ਫਟਾਫਟ ਪਿੱਛੇ ਆ ਰਹੇ ਦੂਸਰੇ ਮੋਟਰਸਾਇਕਲ ਪਰ ਸਵਾਰ ਨੌਜਵਾਨਾਂ ਨਾਲ ਬੈਠ ਕੇ ਫਰਾਰ ਹੋ ਗਿਆ। ਦੋ ਲੁਟੇਰਿਆਂ ਨੂੰ ਰਾਹਗੀਰਾਂ ਦੀ ਮਦਦ ਨਾਲ ਕਾਬੂ ਕਰ ਲਿਆ ਗਿਆ ਜਿਹਨਾਂ ਨੇ ਆਪਣਾ ਨਾਂਅ ਜੈ ਉਰਫ ਅਕਸ਼ੇ ਪੁੱਤਰ ਮੁਬਾਰਕ ਨਾਥ ਵਾਸੀ ਫਤਿਆਬਾਦ, ਮੁਹੱਲਾ ਚੰਡੀਗੜ੍ਹ, ਜਿਲਾ ਤਰਨ ਤਾਰਨ ਅਤੇ ਦੂਸਰੇ ਨੇ ਰਘੂਨਾਥ ਉਰਫ ਕਾਲਾ ਪੁੱਤਰ ਸੋਨਾ ਵਾਸੀ ਵੱਲਾ ਵੇਰਕਾ ਰੋਡ ਨੇੜੇ ਸ਼ਮਸ਼ਾਨ ਘਾਟ ਅੰਮ੍ਰਿਤਸਰ ਦੱਸਿਆ ਤੇ ਤੀਸਰਾ ਜੋ ਕਿ ਫਰਾਰ ਹੋ ਗਿਆ ਸੀ, ਦਾ ਨਾਂਅ ਗੰਜਾ ਵੀਰਾ ਪੁੱਤਰ ਨਾ ਮਲੂਮ ਵਾਸੀ ਮੁਹੱਲਾ ਗੋਕਲਪੁਰ ਗਲੀ ਨੰਬਰ 08 ਕਾਕੇ ਪ੍ਰਧਾਨ ਵਾਲੀ ਤਰਨ ਤਾਰਨ ਦੱਸਿਆ ਅਤੇ ਖੋਹ ਕਰਨ ਵਾਲੀ ਲੜਕੀ ਕਾਜਲ ਪੁੱਤਰੀ ਦਿਲਬਾਰਾ ਸਿੰਘ ਵਾਸੀ ਮੁਹੱਲਾ ਗੋਕਲਪੁਰ ਗਲੀ ਨੰਬਰ 8 ਕਾਕੇ ਪ੍ਰਧਾਨ ਵਾਲੀ ਤਰਨ ਤਾਰਨ ਦੱਸਿਆ। ਸਥਾਨਕ ਪੁਲਸ ਨੇ ਧਾਰਾ 379-ਬੀ ਭ.ਦ. ਤਹਿਤ ਕੇਸ ਦਰਜ ਕੀਤਾ ਗਿਆ ਹੈ। ਉਹਨਾਂ ਦੱਸਿਆ ਕਿ ਐਸ.ਆਈ ਵਰਿੰਦਰ ਸਿੰਘ ਥਾਨਾ ਮੁਖੀ ਸੁਲਤਾਨਪੁਰ ਲੋਧੀ ਦੀ ਅਗਵਾਈ ਹੇਠ ਏ.ਐਸ.ਆਈ ਬਲਦੇਵ ਸਿੰਘ ਵੱਲੋਂ ਸਮੇਤ ਪੁਲਸ ਪਾਰਟੀ ਮੌਕੇ 'ਤੇ ਪਹੁੰਚ ਕੇ ਖੋਹੀ ਹੋਈ ਸੋਨੇ ਦੀ ਵਾਲੀ ਬ੍ਰਾਮਦ ਕੀਤੀ ਅਤੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ।

ਪਰਵਾਰ ਨਿਯੋਜਨ ਦਾ ਅਪਣਾਓ ਉਪਾਏ, ਲਿਖੋ ਤਰੱਕੀ ਦਾ ਨਵਾਂ ਅਧਿਆਏ

ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)-ਡਾ.ਪਰਮਿੰਦਰ ਸਿੰਘ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਸੀਨੀਅਰ ਮੈਡੀਕਲ ਅਫਸਰ ਡਾ.ਵਿਧਾਨ ਚੰਦਰ ਦੀ ਅਗਵਾਈ ਹੇਠ ਸੀ.ਐਚ.ਸੀ.ਸਿੰਘਪੁਰ ਵਿਖੇ ਫੀਲਡ ਸਟਾਫ ਨੂੰ ਪਰਵਾਰ ਨਿਯੋਜਨ ਦੇ ਸਾਧਨਾ ਸਬੰਧੀ ਜਾਗਰੂਕ ਕੀਤਾ ਗਿਆ। ਡਾ.ਵਿਧਾਨ ਚੰਦਰ ਨੇ ਸੰਬੋਧਨ ਕਰਦਿਆਂ ਨੇ ਕਿਹਾ ਕਿ ਜਨਸੰਖਿਆ ਸਥਿਰਤਾ ਪੰਦਰਵਾੜਾ ਦੌਰਾਨ ਯੋਗ ਜੋੜਿਆਂ ਨੂੰ ਪਰਵਾਰ ਨਿਯੋਜਨ ਦੇ ਸਾਧਨ ਅਪਨਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਾਡੇ ਦੇਸ਼ ਦੀ ਆਬਾਦੀ ਦਾ ਤੇਜੀ ਨਾਲ ਵੱਧਣਾ ਸਾਡੇ ਸਾਰਿਆਂ ਲਈ ਚਿੰਤਾ ਦਾ ਵਿਸ਼ਾ ਹੈ। ਉਨਾਂ ਕਿਹਾ ਕਿ ਜਿਵੇਂ-ਜਿਵੇਂ ਸਾਡੇ ਦੇਸ਼ ਦੀ ਆਬਾਦੀ ਵੱਧਦੀ ਜਾਵੇਗੀ ਉਸੇ ਤਰਾਂ ਸਾਡੇ ਕੁਦਰਤੀ ਸੋਮੇ ਪਾਣੀ, ਅਨਾਜ ਅਤੇ ਹੋਰ ਰੋਜਾਨਾਂ ਵਰਤੋਂ ਵਿੱਚ ਆਉਂਣ ਵਾਲੀਆਂ ਵਸਤਾਂ ਦੀ ਘਾਟ ਦਾ ਸਾਹਮਣਾ ਕਰਨਾ ਪਵੇਗਾ। ਉਨਾਂ ਕਿਹਾ ਕਿ ਵੱਧ ਰਹੀ ਆਬਾਦੀ ਤੇ ਕਾਬੂ ਪਾਉਣ ਲਈ ਲੜਕੇ ਅਤੇ ਲੜਕੀ ਦੀ ਸਹੀ ਉਮਰ ਵਿੱਚ ਸ਼ਾਦੀ, ਪਹਿਲਾ ਬੱਚਾ ਦੇਰੀ ਨਾਲ, ਬੱਚਿਆਂ ਵਿੱਚ ਘੱਟੋਂ-ਘੱਟ ਤਿੰਨ ਸਾਲ ਦਾ ਅੰਤਰ ਰੱਖੀਏ। ਲੜਕੇ ਅਤੇ ਲੜਕੀ ਵਿੱਚ ਫਰਕ ਨਾ ਸਮਝ ਕੇ ਸਿਰਫ ਦੋ ਹੀ ਬੱਚਿਆਂ ਨੂੰ ਜਨਮ ਦੇਈਏ ਤਾਂ ਹੀ ਅਸੀਂ ਆਬਾਦੀ ਤੇ ਕੰਟਰੋਲ ਕਰ ਸਕਦੇ ਹਾਂ।ਇਸ ਮੌਕੇ ਤੇ ਰਾਜੇਸ ਹੈਲਥ ਸੁਪਰਵਾਈਜਰ ਨੇ ਵੱਧ ਰਹੀ ਆਬਾਦੀ ਦੇ ਬੁਰੇ ਪ੍ਰਭਾਵਾਂ ਬਾਰੇ ਜਾਗਰੂਕ ਕਰਦਿਆਂ ਕਿਹਾ ਕਿ ਸ਼ਾਦੀ ਤੋਂ ਬਾਅਦ ਪਤੀ-ਪਤਨੀ ਵੱਲੋਂ ਪਰਵਾਰ ਦੀ ਯੋਜਨਾਬੰਦੀ ਕਰ ਲੈਣੀ ਚਾਹੀਦੀ ਹੈ। ਉਨਾਂ ਕਿਹਾ ਕਿ ਯੋਗ ਜੋੜਿਆਂ ਨੂੰ ਪਰਿਵਾਰ ਭਲਾਈ ਦੇ ਤਰੀਕੇ ਅਪਣਾਏ ਜਾਣ। ਉਨਾਂ ਪਰਿਵਾਰ ਭਲਾਈ ਦੇ ਨਵੇਂ ਤਰੀਕੇ ਛਾਇਆ ਗੋਲੀ, ਅੰਤਰਾ ਟੀਕਾ ਅਤੇ 10 ਸਾਲਾ ਕਾਪਰ-ਟੀ ਅਪਣਾਉਣ ਤੇ ਜੋਰ ਦਿੱਤਾ। ਕੰਪਲੀਟ ਫੈਮਲੀ ਦੇ ਪਰਿਵਾਰਾਂ ਨੂੰ ਪੱਕੇ ਸਾਧਨ ਨਲਬੰਦੀ ਅਤੇ ਚੀਰਾ ਰਹਿਤ ਨਸਬੰਦੀ ਕਰਵਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਤੇ ਡਾ.ਵਿਧਾਨ ਚੰਦਰ ਨੇ ਫੀਲਡ ਸਟਾਫ ਨੂੰ ਕਿਹਾ ਕਿ ਪਿੰਡਾਂ ਵਿਚ ਲੋਕਾਂ ਨੂੰ ਪਰਵਾਰ ਸੀਮਤ ਰੱਖਣ ਦੇ ਸਾਧਨਾ ਬਾਰੇ ਵੀ ਜਾਗਰੂਕ ਕੀਤਾ ਜਾਵੇ।

ਪਿੰਡਾਂ 'ਚ ਡੇਂਗੂ ਤੋਂ ਬਚਾਅ ਲਈ ਕਰਵਾਈ ਜਾ ਰਹੀ ਹੈ ਫੋਗਿੰਗ ਤੇ ਸਪਰੇਅ

ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)-ਪੰਜਾਬ ਸਰਕਾਰ ਵਲੋਂ ਭਾਰੀ ਬਰਸਾਤ ਤੋ ਪ੍ਰਭਾਵਿਤ ਖੇਤਰਾਂ ਵਿੱਚ ਪਾਣੀ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਦੇ ਨਾਲ-ਨਾਲ ਲੋਕਾਂ ਨੂੰ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਸਿਹਤ ਵਿਭਾਗ ਵੱਲੋਂ ਨਿਰੰਤਰ ਫੋਗਿੰਗ ਤੇ ਸਪਰੇਅ ਕਰਵਾਈ ਜਾ ਰਹੀ ਹੈ ਤਾਂ ਜੋ ਕਿਸੇ ਵੀ ਤਰ੍ਹਾਂ ਦੀ ਬਿਮਾਰੀ ਨੂੰ ਫੈਲਣੋਂ ਰੋਕਿਆ ਜਾ ਸਕੇ । ਡਾ.ਪਰਮਿੰਦਰ ਕੁਮਾਰ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਡਾ.ਵਿਧਾਨ ਚੰਦਰ ਦੀ ਅਗਵਾਈ ਹੇਠ ਪੇਂਡੂ ਇਲਾਕਿਆਂ ਵਿੱਚ ਫੌਗਿੰਗ ਅਤੇ ਸਪਰੇਅ ਕਰਵਾਈ ਜਾ ਰਹੀ ਹੈ।

ਉਹਨਾ ਨੇ ਕਿਹਾ ਕਿ ਸਿਹਤ ਵਿਭਾਗ ਦੀਆਂ ਟੀਮਾਂ ਪੂਰੀ ਤਨਦੇਹੀ ਨਾਲ ਕੰਮ ਕਰ ਰਹੀਆਂ ਹਨ। ਉਨ੍ਹਾਂ ਨੇ ਦੱਸਿਆ ਕਿ ਸਟਾਫ ਵੱਲੋਂ ਦਿੱਤੀਆ ਜਾ ਰਹੀਆਂ ਸੇਵਾਵਾਂ ਦਾ ਨਿਰੀਖਣ ਕੀਤਾ ਜਾ ਰਿਹਾ ਹੈ ਤੇ ਸਿਹਤ ਵਿਭਾਗ ਹਮੇਸ਼ਾ ਹੀ ਲੋਕਾਂ ਦੀ ਸਿਹਤ ਪ੍ਰਤੀ ਸੰਜੀਦਾ ਰਹਿੰਦਾ ਹੈ। ਸੀਨੀਅਰ ਮੈਡੀਕਲ ਅਫਸਰ ਨੇ ਦੱਸਿਆ ਕਿ ਭਾਰੀ ਬਰਸਾਤ ਤੋ

ਬਾਅਦ ਕਈ ਤਰ੍ਹਾਂ ਦੀਆਂ ਬਿਮਾਰੀਆਂ ਫੈਲਣ ਦਾ ਖਤਰਾ ਵੱਧ ਜਾਂਦਾ ਹੈ, ਇਸ ਲਈ ਉਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਆਉਣ ਵਾਲੇ ਸਮੇਂ ਨੂੰ ਧਿਆਨ ਵਿੱਚ ਰੱਖਦੇ ਹੋਏ ਡੇਂਗੂ/ਮਲੇਰੀਏ ਅਤੇ ਹੋਰ ਗੰਦੇ ਪਾਣੀ ਨਾਲ ਫੈਲਣ ਵਾਲੀਆਂ ਬਿਮਾਰੀਆਂ ਦੇ ਬਚਾਅ ਲਈ ਪਾਣੀ ਹਮੇਸ਼ਾ ਉਬਾਲ ਕੇ ਹੀ ਪੀਤਾ ਜਾਵੇ ਅਤੇ ਆਪਣੇ ਆਲੇ ਦੁਆਲੇ ਦੀ ਸਫਾਈ ਵੱਲ ਵੀ ਵਿਸੇਸ ਧਿਆਨ ਦਿੱਤਾ ਜਾਵੇ। ਉਨ੍ਹਾਂ ਨੇ ਕਿਹਾ ਕਿ ਛੱਤਾਂ ਤੇ ਪਏ ਵਾਧੂ ਸਮਾਨ ਨੂੰ ਇਸ ਤਰਾਂ ਰੱਖੋ ਕਿ ਉਨ੍ਹਾਂ ਵਿੱਚ ਬਰਸਾਤ ਦਾ ਪਾਣੀ ਇਕੱਠਾ ਨਾਂ ਹੋਵੇ, ਹਫਤੇ ਵਿੱਚ ਇੱਕ ਵਾਰ ਜਰੂਰ ਫਰਿੱਜ ਦੇ ਪਿਛਲੇ ਪਾਸੇ ਵਾਧੂ ਪਾਣੀ ਵਾਲੀ ਟਰੇਅ ਨੂੰ ਸਾਫ ਕਰੋ, ਹਰ ਸਮੇਂ ਸਰੀਰ ਨੂੰ ਢੱਕ ਕੇ ਰੱਖੋ, ਰਾਤ ਨੂੰ ਸੌਣ ਸਮੇਂ ਮੱਛਰ ਮਾਰੂ ਕਰੀਮ ਜਾਂ ਮੱਛਰਦਾਨੀ ਦੀ ਵਰਤੋਂ ਕਰੋ, ਆਪਣੇ ਘਰ ਅਤੇ ਦਫਤਰ ਦੇ ਗਮਲਿਆਂ ਵਿੱਚ ਵੀ ਸੀਮਤ ਰੂਪ ਵਿੱਚ ਪਾਣੀ ਪਾਓ ਅਤੇ ਜਿਥੇ ਵੀ ਬਰਸਾਤੀ ਪਾਣੀ ਇਕੱਠਾ ਹੋਣ ਦਾ ਖਦਸਾ ਹੈ ਉਸ ਸਥਾਨ ਨੂੰ ਮਿੱਟੀ ਨਾਲ ਭਰ ਦਿਓ।

ਹੜ੍ਹਾਂ ਵਰਗੇ ਹਾਲਾਤ ਨਾਲ ਨਜਿੱਠਣ ਲਈ ਪ੍ਰਸ਼ਾਸਨ ਹਰ ਸਮੇਂ ਤਿਆਰ : ਤਹਿਸੀਲਦਾਰ

**ਸ੍ਰੀ ਅਨੰਦਪੁਰ ਸਾਹਿਬ (ਅਰਵ

24-July-PAGE-9.qxd 7/23/2023 10:31 PM Page 1

ਮੰਡ ਸਾਂਗਰਾ ਨੇੜਿਓਂ ਆਰਜ਼ੀ ਬੰਨ੍ਹ ਟੁੱਟਣ ਕਾਰਨ 16 ਪਿੰਡ ਆਏ ਪਾਣੀ ਦੀ ਲਪੇਟ 'ਚ

ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ)- ਪਿਛਲੇ ਦਿਨਾਂ ਤੋਂ ਦਰਿਆ ਬਿਆਸ ਦੇ ਮੰਡ ਖੇਤਰ ਵਿੱਚ ਮੰਡ ਸਾਂਗਰਾ ਨੇੜਿਓਂ ਆਰਜੀ ਬੰਨ ਟੁੱਟਣ ਕਾਰਨ ਤਕਰੀਬਨ 16 ਪਿੰਡ ਇਸ ਦੀ ਲਪੇਟ ਵਿੱਚ ਆ ਗਏ ਅਤੇ ਸਮੁੱਚੀਆਂ ਫਸਲਾਂ ਪੂਰੀ ਤਰ੍ਹਾਂ ਨਾਲ ਪਾਣੀ ਵਿੱਚ ਘਿਰ ਗਈਆਂ ਹਨ। ਪਾਣੀ ਆਉਣ ਨਾਲ ਘਰਾਂ ਵਿੱਚ ਫਸੇ ਪਰਵਾਰ ਮੁਸ਼ਕਿਲਾਂ ਵਿੱਚ ਘਿਰ ਗਏ ਹਨ। ਖੇਤਰ ਦੀਆਂ ਸਮੁੱਚੀਆਂ ਸੜਕਾਂ ਪਾਣੀ ਵਿੱਚ ਡੁੱਬ ਗਈਆਂ ਹਨ ਤੇ ਆਵਾਜਾਈ ਵੀ ਬੰਦ ਹੋ ਚੁੱਕੀ ਹੈ। ਪਰਮਜੀਤ ਸਿੰਘ ਬਾਊਪੁਰ ਅਤੇ ਸਰਬਣ ਸਿੰਘ ਬਾਊਪੁਰ ਨੇ ਕਿਹਾ ਕਿ ਸਰਕਾਰ ਵੱਲੋਂ ਇਹਨਾਂ ਮੰਡ ਖੇਤਰ ਦੇ ਲੋਕਾਂ ਨੂੰ ਲਾਵਾਰਸ ਛੱਡਿਆ ਹੋਇਆ ਹੈ ਤੇ ਕੋਈ ਵੀ ਪ੍ਰਸ਼ਾਸ਼ਨਿਕ ਅਧਿਕਾਰੀ ਉਹਨਾਂ ਦੀ ਸਾਰ ਲੈਣ ਨਹੀਂ ਆਇਆ। ਆਰਜੀ ਬੰਨ ਟੁੱਟਣ ਨਾਲ ਪਿੰਡ ਬਾਊਪੁਰ, ਬਾਊਪੁਰ ਜਦੀਦ, ਸਾਂਗਰਾ, ਭੈਣੀ ਕਾਦਰ ਬਖਸ਼, ਰਾਮਪੁਰ ਗੋਰੇ, ਮਹੰਮਦਾਬਾਦ, ਭੈਣੀ ਬਹਾਦਰ ਬਖਸ਼, ਕਿਸ਼ਨਪੁਰ ਘੜਕਾ, ਮੰਡ ਮੁਬਾਰਕਪੁਰ, ਮੰਡ ਗੁਜਰਪੁਰ ਆਦਿ ਦੇ ਖੇਤਾਂ ਵਿੱਚ 5 ਤੋਂ 7 ਫੁੱਟ ਤੱਕ ਪਾਣੀ ਭਰ ਗਿਆ ਹੈ ਅਤੇ ਲੋਕ ਆਪਣੇ ਘਰਾਂ ਅੰਦਰ ਨਜਰਬੰਦ ਹੋ ਗਏ ਹਨ ਜਿਹਨਾਂ ਨੂੰ ਪ੍ਰਸ਼ਾਸ਼ਨ ਵੱਲੋਂ ਸੁਰੱਖਿਅਤ ਬਾਹਰ ਕੱਢਣ ਲਈ ਕੋਈ ਵੀ ਪ੍ਰਬੰਧ ਨਹੀਂ ਕੀਤਾ ਗਿਆ ਅਤੇ ਨਾ ਹੀ ਕੋਈ ਕਿਸ਼ਤੀ ਮਹੱਈਆ ਕਰਵਾਈ ਗਈ। ਉਹਨਾਂ ਪ੍ਰਸ਼ਾਸ਼ਨ ਤੋਂ ਮੰਗ ਕੀਤੀ ਕਿ ਫੌਰੀ ਤੌਰ 'ਤੇ ਪਾਣੀ ਰਲੀਜ ਕਰਵਾਇਆ ਜਾਵੇ ਤਾਂ ਜੋ ਦਰਿਆ ਬਿਆਸ ਦੇ ਪਾਣੀ ਦਾ ਪੱਧਰ ਘਟ ਸਕੇ 'ਤੇ ਅਸੀਂ ਬੰਨ ਵਿੱਚ ਪਏ ਪਾੜ ਨੂੰ ਮਕੰਮਲ ਕਰ ਸਕੀਏ। ਇਸ ਮੌਕੇ ਮੇਜਰ ਸਿੰਘ, ਹਰਜਿੰਦਰ ਸਿੰਘ ,ਹਰਵੇਲ ਸਿੰਘ, ਕਰਮ ਸਿੰਘ, ਲਖਵਿੰਦਰ ਸਿੰਘ, ਗੁਰਭੇਜ ਸਿੰਘ, ਅਵਤਾਰ ਸਿੰਘ, ਗੁਰਪ੍ਰੀਤ ਸਿੰਘ, ਰਜਿੰਦਰ ਸਿੰਘ, ਮਹਿੰਦਰ ਸਿੰਘ ਆਦਿ ਵੀ ਹਾਜਰ ਸਨ। ਐਸਡੀਓ ਡਰੇਨਜ ਸੁਖਪਾਲ ਸਿੰਘ ਨੇ ਦੱਸਿਆ ਕਿ ਬਿਆਸ ਦਰਿਆ ਵਿੱਚ ਪਾਣੀ ਦਾ ਪੱਧਰ ਘਟਨਾ ਸ਼ੁਰੂ ਹੋ ਗਿਆ ਹੈ ਅਤੇ ਹਰੀਕੇ ਹੈਡ ਵਰਕਸ ਤੋਂ 67 ਹਜਾਰ ਕਿਊਸਿਕ ਤੇ ਨਹਿਰਾਂ ਰਾਹੀਂ 10 ਹਜਾਰ ਕਿਊਸਕ ਪਾਣੀ ਰੀਲੀਜ ਕੀਤਾ ਜਾ ਰਿਹਾ ਹੈ ਜਿਸ ਨਾਲ ਖੇਤਾਂ ਵਿਚੋਂ ਵੀ ਪਾਣੀ ਘਟਣ ਦੀ ਸੰਭਾਵਨਾ ਹੈ। ਉਹਨਾਂ ਪਾਣੀ ਦੇ ਪੱਧਰ ਅਤੇ ਹੜਾਂ ਬਾਰੇ ਫੈਲਾਈਆਂ ਜਾ ਰਹੀਆਂ ਅਫਵਾਹਾਂ ਬਾਰੇ ਲੋਕਾਂ ਨੂੰ ਸੁਚੇਤ ਰਹਿਣ ਦੀ ਅਪੀਲ ਕੀਤੀ। ਪਾਣੀ ਵਿੱਚ ਘਿਰੇ ਲੋਕਾਂ ਬਾਰੇ ਐਸ ਡੀ ਐਮ ਚੰਦਰਾ ਜਯੋਤੀ ਸਿੰਘ ਨੇ ਕਿਹਾ ਕਿ ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਣ ਲਈ ਪੁਖਤਾ ਪ੍ਰਬੰਧ ਕੀਤੇ ਗਏ ਹਨ। ਉਨਾਂ ਦੱਸਿਆ ਕਿ ਪਾਣੀ ਵਿੱਚ ਘਿਰੇ ਲੋਕਾਂ ਨੂੰ ਰਾਸ਼ਨ ਦਵਾਈਆਂ ਤੇ ਹੋਰ ਲੋੜੀਂਦ ਸਮਾਨ ਪਹੁੰਚਾਇਆ ਜਾ ਰਿਹਾ ਹੈ। ਹੜ ਪ੍ਰਭਾਵਿਤ ਖੇਤਰ ਲਈ ਕਿਸ਼ਤੀਆਂ ਦਾ ਪ੍ਰਬੰਧ ਕਰ ਦਿੱਤਾ ਗਿਆ ਹੈ ਤੇ ਜਲਦੀ ਹੀ ਮੋਟਰ ਬੋਟਾਂ ਵੀ ਮੁਹੱਈਆ ਕਰਵਾ ਦਿੱਤੀਆਂ ਜਾਣਗੀਆਂ। ਉਹਨਾਂ ਕਿਹਾ ਕਿ ਸਮੁੱਚੇ ਮੰਡ ਖੇਤਰ ਵਿੱਚ ਵਧੇ ਪਾਣੀ ਦੇ ਪੱਧਰ 'ਤੇ ਉਹਨਾਂ ਵੱਲੋਂ ਤਿੱਖੀ ਨਜਰ ਰੱਖੀ ਜਾ ਰਹੀ ਹੈ।

ਸੁਸ਼ੀਲ ਰਿੰਕੂ ਨੇ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਪਰਵਾਰਾਂ ਨੂੰ ਪੱਤਰ ਵੰਡੇ

ਫਿਲੌਰ (ਨਿਰਮਲ)- ਸਥਾਨਕ ਕਮਿਊਨਿਟੀ ਹਾਲ ਫਿਲੌਰ ਵਿਖੇ ਲੋਕ ਸਭਾ ਹਲਕਾ ਜਲੰਧਰ ਤੋਂ ਮੈਂਬਰ ਪਾਰਲੀਮੈਂਟ ਸੁਸ਼ੀਲ ਕੁਮਾਰ ਰਿੰਕੂ ਅਤੇ ਆਮ ਆਦਮੀ ਪਾਰਟੀ ਦੇ ਜੁਆਇੰਟ ਸਕੱਤਰ ਪੰਜਾਬ ਅਤੇ ਹਲਕਾ ਇੰਚਾਰਜ ਫਿਲੌਰ ਪ੍ਰਿੰਸੀਪਲ ਪ੍ਰੇਮ ਕੁਮਾਰ ਵੱਲੋਂ ਪ੍ਰਧਾਨ ਮੰਤਰੀ ਅਵਾਸ ਯੋਜਨਾ ਤਹਿਤ ਫਿਲੌਰ ਦੇ 166 ਪਰਵਾਰ ਅਤੇ ਗੁਰਾਇਆ ਦੇ 57 ਪਰਵਾਰਾਂ ਨੂੰ ਪੱਤਰ ਵੰਡੇ। ਰਿੰਕੂ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਹੁੰ ਚੁੱਕਣ ਤੋਂ ਉਪਰੰਤ ਇਹ ਪਹਿਲਾ ਸਮਾਗਮ ਹੈ। ਚੋਣਾਂ ਦੌਰਾਨ ਆਮ ਆਦਮੀ ਪਾਰਟੀ ਵੱਲੋਂ ਕੀਤੇ ਵਾਅਦੇ ਜਲਦ ਪੂਰੇ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਸ਼ਹਿਰ ਵਾਸੀਆਂ ਨੂੰ ਫਿਲੌਰ- ਨੂਰਮਹਿਲ ਰੇਲਵੇ ਬ੍ਰਿਜ ਅਤੇ ਬੱਸ ਸਟੈਂਡ ਅਤੇ ਵਾਰਡਾਂ ਦੀ ਸਮੱਸਿਆ ਦਾ ਹੱਲ ਜਲਦ ਪੂਰਾ ਕੀਤਾ ਜਾਵੇਗਾ। ਇਸ ਮੌਕੇ ਉਨ੍ਹਾਂ ਫਿਲੌਰ ਵਿਖੇ 318 ਪਰਵਾਰਾਂ 'ਤੇ ਦੁਕਾਨਾਂ ਅਤੇ ਮਕਾਨ ਢਾਉਣ ਦੀ ਜੋ ਤਲਵਾਰ ਲਟਕ ਰਹੀ ਹੈ ਉਸ ਸਬੰਧੀ ਉਨ੍ਹਾਂ ਸ਼ਹਿਰ ਵਾਸੀਆਂ ਨੂੰ ਭਰੋਸਾ ਦਵਾਇਆ ਕਿ ਇਕ ਵੀ ਦੁਕਾਨ ਤੇ ਮਕਾਨ ਢਾਉਣ ਨਹੀਂ ਦਿੱਤਾ ਜਾਵੇਗਾ ਅਤੇ ਕਿਹਾ ਕਿ ਉਹ ਫਿਲੌਰ ਵਾਸੀਆਂ ਦੇ ਨਾਲ ਖੜ੍ਹੇ ਹਨ। ਇਸ ਮੌਕੇ ਉਨ੍ਹਾਂ ਕਿਹਾ ਕਿ ਮਕਾਨ ਉਸਾਰੀ ਦੌਰਾਨ ਮਿਲਣ ਵਾਲੇ ਪੈਸਿਆ ਵਿੱਚੋਂ ਅਗਰ ਕੋਈ ਅਧਿਕਾਰੀ ਪੈਸੇ ਦੀ ਮੰਗ ਕਰਦਾ ਹੈ ਤਾਂ ਉਨ੍ਹਾਂ ਨਾਲ ਸਿੱਧਾ ਸੰਪਰਕ ਕਰਨ ਕਿਉਂਕਿ ਆਮ ਆਦਮੀ ਪਾਰਟੀ ਭ੍ਰਿਸ਼ਟਾਚਾਰ ਦੇ ਸਖਤ ਖਿਲਾਫ਼ ਹੈ। ਇਸ ਮੌਕੇ 'ਤੇ ਮਾਰਕਿਟ ਕਮੇਟੀ ਫਿਲੌਰ ਦੇ ਚੇਅਰਮੈਨ ਰੋਸ਼ਨ ਲਾਲ ਰੋਸ਼ੀ, ਜਰਨਲ ਸਕੱਤਰ ਸ਼ੁਭਾਸ਼ ਸ਼ਰਮਾ, ਪਰਮਜੀਤ ਭਾਰਤੀ, ਵੈਭਵ ਸ਼ਰਮਾ, ਡਾ.ਰਾਕੇਸ਼ ਸ਼ਰਮਾ, ਯਸ਼ਪਾਲ ਗਿੰਢਾ, ਸੁਰਿੰਦਰ ਡਾਬਰ, ਲਖਵਿੰਦਰ ਲੱਖੂ, ਵਰਿੰਦਰ ਸੈਣੀ, ਸੁੱਖਾ ਸਗਨੇਵਾਲ, ਰਜਿੰਦਰ ਸੰਧੂ, ਬਲਰਾਜ ਸਿੰਘ, ਹਰਕਮਲ ਸਿੰਘ ਬੇਗਮਪੁਰ, ਮੁਲਖਾ ਸਿੰਘ, ਦਵਿੰਦਰ ਸਿੰਘ ਚਾਹਲ, ਅਜਵਿੰਦਰ ਸਿੰਘ, ਮਨਦੀਪ ਰਾਏ, ਸੰਜੀਵ ਕੰਡਾ, ਅਮਰੀਕ ਸਿੰਘ ਢਿੱਲੋਂ, ਹਰਦੀਪ, ਰਾਕੇਸ਼ ਕੁਮਾਰ, ਦੀਪਾ ਬਕਾਪੁਰ ਪੀ.ਏ ਅਤੇ ਹੋਰ ਹਾਜਰ ਸਨ।

ਏ ਐੱਸ ਆਈ ਤੀਹ ਹਜ਼ਾਰ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ

ਜਲੰਧਰ (ਸੁਰਿੰਦਰ ਕੁਮਾਰ) ਥਾਣਾ ਪਤਾਰਾ ਵਿੱਚ ਤੈਨਾਤ ਇੱਕ ਏ ਐਸ ਆਈ ਨੂੰ ਵਿਜੀਲੈਂਸ ਬਿਉਰੋ ਦੀ ਇੱਕ ਵਿੱਸ਼ੇਸ਼ ਟੀਮ ਨੇ ਇੱਕ ਮਾਰਕੁੱਟ ਦੇ ਮਾਮਲੇ ਵਿੱਚ ਰਾਜੀਨਾਮਾਂ ਕਰਵਾਉਣ ਦੇ ਨਾਂਅ 'ਤੇ ਗੁਰੂ ਨਾਨਕ ਨਗਰ ਕਾਕੀ ਪਿੰਡ ਨਿਵਾਸੀ ਜਸਵੀਰ ਸਿੰਘ ਜੱਜ ਤੋਂ ਤੀਹ ਹਜਾਰ ਰੁਪਏ ਦੀ ਰਿਸ਼ਵਤ ਲੈਣ ਦੀ ਵਿਜੀਲੈਂਸ ਦੇ ਐਸ ਐਸ ਪੀ ਜਲੰਧਰ ਨੂੰ ਇੱਕ ਸ਼ਿਕਾਇਤ ਦਰਜ ਕਰਵਾਈ ਸੀ। ਜਿਸ 'ਤੇ ਕਾਰਵਾਈ ਕਰਦਿਆਂ ਰਾਮ ਪ੍ਰਕਾਸ਼ ਨੂੰ ਰਿਸ਼ਵਤ ਦੀ ਰਕਮ ਜਸਵੀਰ ਸਿੰਘ ਤੋਂ ਲੈਂਦਿਆਂ ਕਾਬੂ ਕਰ ਲਿਆ। ਜਸਵੀਰ ਸਿੰਘ ਨੇ ਦੱਸਿਆ ਕਿ ਉਹ ਜਲੰਧਰ ਜੰਡੂਸਿੰਘਾਂ ਰੋਡ 'ਤੇ ਸਥਿਤ ਪਿੰਡ ਕੰਗਨੀਵਾਲ ਨੇ ਇੱਕ ਡੇਅਰੀ ਫਾਰਮ ਚਲਾਉਣ ਦਾ ਕੰਮ ਕਰਦਾ ਹੈ । 13 ਮਈ 2022 ਨੂੰ ਪਤਾਰਾ ਪਿੰਡ ਦੇ ਰਹਿਣ ਵਾਲੇ ਗੁਰਪ੍ਰੀਤ ਸਿੰਘ ਤੇ ਉਸਦੇ ਭਰਾ ਅਮਨਪ੍ਰੀਤ ਸਿੰਘ ਨੇ ਮਾਰਕੁੱਟ ਕੀਤੀ ਸੀ। ਜਿਸ ਦੀ ਸ਼ਿਕਾਇਤ ਉਸ ਨੇ ਥਾਣਾ ਵਿੱਚ ਦਰਜ ਕਰਵਾਈ ਸੀ। ਇਸ ਤੋਂ ਬਾਅਦ ਗੁਰਪ੍ਰੀਤ ਸਿੰਘ ਤੇ ਉਸਦਾ ਭਰਾ ਅਮਨਪ੍ਰੀਤ ਸਿੰਘ 27 ਸਤੰਬਰ 2022 ਨੂੰ ਦੁਬਾਰਾ ਉਸ ਦੇ ਡੇਅਰੀ ਫਾਰਮ 'ਤੇ ਆਏ ਤੇ ਉਸ ਨਾਲ ਮਾਰਕੁੱਟ ਕਰਨ ਤੋਂ ਬਾਅਦ ਥਾਣਾ ਪਤਾਰਾ ਦੇ ਏ ਐਸ ਆਈ ਰਾਮ ਪ੍ਰਕਾਸ਼ ਨਾਲ ਮਿਲ ਕੇ ਝੂਠਾ ਪਰਚਾ ਜਸਵੀਰ ਸਿੰਘ ਤੇ ਉਸਦੇ ਪੁੱਤਰ ਜਸਤੇਜ ਸਿੰਘ ਦੇ ਖਿਲਾਫ 78 ਨੰਬਰ ਧਾਰਾ 323 324 326 506 148 149 ਤਹਿਤ 5 ਅਕਤੂਬਰ 2022 ਨੂੰ ਦਰਜ ਕਰਵਾ ਦਿੱਤਾ। ਉਹ ਜਸਵੀਰ ਸਿੰਘ 'ਤੇ ਸਮਝੌਤਾ ਕਰਨ ਲਈ ਦਬਾਅ ਬਣਾ ਰਹੇ ਸਨ । ਇਸ ਮਾਮਲੇ ਦੀ ਜਾਂਚ ਏ ਐਸ ਆਈ ਰਾਮ ਪ੍ਰਕਾਸ਼ ਕਰ ਰਿਹਾ ਸੀ ਤੇ ਉਨ੍ਹਾਂ ਦੇ ਨਾਂਅ ਇਸ ਐਫ ਆਈ ਆਰ ਵਿੱਚੋਂ ਕੱਢਣ ਲਈ ਦੋ ਲੱਖ ਰੁਪਏ ਮੰਗ ਰਿਹਾ ਸੀ ਪਰ ਗਰੀਬੀ ਦਾ ਵਾਸਤਾ ਦੇਣ 'ਤੇ ਉਹ ਤੀਹ ਹਜਾਰ ਰੁਪਏ 'ਤੇ ਮੰਨ ਗਿਆ । ਇਸ ਤੋਂ ਬਾਅਦ ਜਸਵੀਰ ਸਿੰਘ ਨੇ ਇਸ ਦੀ ਸ਼ਿਕਾਇਤ ਜਲੰਧਰ ਦੇ ਵਿਜੀਲੈਂਸ ਦੇ ਐਸ ਐਸ ਪੀ ਨੂੰ ਸ਼ਿਕਾਇਤ ਦਿੱਤੀ ਜਿਸ 'ਤੇ ਕਾਰਵਾਈ ਕਰਦਿਆ ਵਿਜੀਲੈਂਸ ਦੀ ਟੀਮ ਨੇ ਇੱਕ ਟ੍ਰੈਪ ਲਾ ਕੇ ਇਸ ਰਿਸ਼ਵਤਖੋਰ ਏ ਐਸ ਆਈ ਰਾਮ ਪ੍ਰਕਾਸ਼ ਨੂੰ ਰੰਗੇ ਹੱਥੀ ਸਰਕਾਰੀ ਗਵਾਹਾਂ ਦੀ ਹਾਜਰੀ ਵਿੱਚ ਕਾਬੂ ਕਰ ਲਿਆ।

ਏ ਜੀ ਆਈ ਗੋਲਡਨ ਫੁਟਸਲ ਲੀਗ ਦਾ ਡਰਾਅ ਰਿਲੀਜ਼

ਜਲੰਧਰ (ਰਾਜੇਸ਼ ਥਾਪਾ)-ਏ ਜੀ ਆਈ ਇੰਫਰਾ ਲਿਮਟਿਡ ਦੇ ਮੈਨੇਜਿੰਗ ਡਾਇਰੈਕਟਰ ਅਤੇ ਏਜੀਆਈ ਸਪੋਰਟਸ ਇੰਸਟੀਚਿਊਟ ਆਫ ਇੰਡੀਆ ਦੇ ਚੇਅਰਮੈਨ ਸੁਖਦੇਵ ਸਿੰਘ ਨੇ 24 ਤੋਂ 28 ਜੁਲਾਈ 2023 ਤੱਕ ਜਲੰਧਰ ਹਾਈਟਸ 1 ਦੇ ਫੁਟਸਲ ਗਰਾਊਂਡ ਵਿਖੇ ਹੋਣ ਵਾਲੇ ਟੂਰਨਾਮੈਂਟ ਦੀਆਂ ਸਾਰੀਆਂ ਭਾਗ ਲੈਣ ਵਾਲੀਆਂ ਟੀਮਾਂ ਨੂੰ ਫੁਟਸਲ ਵੰਡੇ। ਭਾਂਬਰੀ ਨੇ ਕਿਹਾ ਕਿ ਇਹ ਪਹਿਲੀ ਵਾਰ ਹੈ ਕਿ ਸੂਬੇ ਵਿੱਚ ਫੁਟਸਲ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ। ਮੈਚਾਂ ਦੇ ਡਰਾਅ ਅਤੇ ਸ਼ਡਿਊਲ ਨੂੰ ਭਾਗ ਲੈਣ ਵਾਲੀਆਂ ਟੀਮਾਂ ਦੇ ਕਪਤਾਨਾਂ ਦੀ ਮੌਜੂਦਗੀ ਵਿੱਚ ਅੰਤਿਮ ਰੂਪ ਦਿੱਤਾ ਗਿਆ ਹੈ। ਸਾਰੇ ਮੈਚ ਸ਼ਾਮ 5 ਵਜੇ ਤੋਂ ਬਾਅਦ ਦਿਨ ਅਤੇ ਰਾਤ ਦੇ ਸਮੇਂ ਫਲੱਡ ਲਾਈਟਾਂ ਹੇਠ ਖੇਡੇ ਜਾਣਗੇ। ਇਹ ਟੂਰਨਾਮੈਂਟ ਰਾਊਂਡ ਰੋਬਿਨ ਫਾਰਮੈਟ ਵਿੱਚ ਖੇਡਿਆ ਜਾਵੇਗਾ ਅਤੇ ਸਾਰੀਆਂ ਟੀਮਾਂ ਇੱਕ ਦੂਜੇ ਨਾਲ ਖੇਡਣਗੀਆਂ। ਸਾਰੇ ਮੈਚ 20 ਮਿੰਟ ਦੇ ਦੋ ਹਾਫ ਵਿਚ 10 ਮਿੰਟ ਦੇ ਅੰਤਰਾਲ ਨਾਲ ਖੇਡੇ ਜਾਣਗੇ। ਰਾਊਂਡ ਰੌਬਿਨ ਫਾਰਮੈਟ ਕਾਰਨ ਸਾਰੀਆਂ ਟੀਮਾਂ ਇਸ ਪੰਜ ਦਿਨਾਂ ਲੀਗ ਵਿੱਚ ਰੋਜਾਨਾ ਦੋ ਮੈਚ ਖੇਡਣਗੀਆਂ

ਪਰਵਾਸੀ ਭਾਰਤੀਆਂ ਦੀ ਮਦਦ ਨਾਲ ਹੜ੍ਹ ਪੀੜਤਾਂ ਲਈ ਲੋੜੀਂਦਾ ਸਮਾਨ ਭੇਜਿਆ

ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)-ਪਰਵਾਸੀ ਭਰਾਵਾਂ ਦੇ ਸਹਿਯੋਗ ਨਾਲ ਪਿੰਡ ਲੰਗੇਰੀ ਅਤੇ ਬਾੜੀਆ ਦੇ ਨੌਜਵਾਨ ਹੜ੍ਹਾਂ ਤੋਂ ਪੀੜਤ ਇਲਾਕਿਆਂ ਲਈ ਵੱਡੀ ਮਾਤਰਾ ਵਿੱਚ ਰਾਹਤ ਸਮੱਗਰੀ ਲੈ ਕੇ ਰਵਾਨਾ ਹੋਏ। ਇਸ ਮੌਕੇ ਸੁਖਦੇਵ ਸਿੰਘ ਸੰਘਾ, ਜਸਪਾਲ ਸਿੰਘ, ਭੁਪਿੰਦਰ ਸਿੰਘ,ਸੋਨੂੰ ਢਿੱਲੋਂ,ਸਰਨ ਸਿੰਘ,ਕੁਲਵੀਰ ਸਿੰਘ,ਸੁੱਖਾ ਸਿੰਘ,ਮਿੰਟਾ ਲੰਗੇਰੀ, ਪਰਮਿੰਦਰ ਸਿੰਘ ਪਿੰਦਾ,ਪਰਮੇਸੁਰ ਸਿੰਘ,ਸਸਕਰਨ ਸਿੰਘ,ਜਸਵਿੰਦਰ ਸਿੰਘ, ਗੁਰਜਿੰਦਰ ਸਿੰਘ,ਪ੍ਰਭਜੋਤ ਸਿੰਘ, ਹਰਪ੍ਰੀਤ ਸਿੰਘ,ਮਨਜਿੰਦਰ ਸਿੰਘ,ਗੁਰਕੀਰਤ ਸਿੰਘ, ਤਲਵਿੰਦਰ ਸਿੰਘ ਹੀਰ ਨੰਗਲ ਖਿਲਾੜੀਆਂ ਕਿਸਾਨ ਆਗੂ ਤੇ ਮਲਕੀਤ ਸਿੰਘ ਬਾਹੋਵਾਲ ਮੁਲਾਜਮ ਆਗੂ ਹਾਜਰ ਸਨ। ਤਲਵਿੰਦਰ ਸਿੰਘ ਹੀਰ ਨੰਗਲ ਖਿਡਾਰੀਆਂ ਨੇ ਦੱਸਿਆ ਕਿ ਇਕ ਟਰਾਲੀ ਪਿੰਡ ਮਲਸੀਹਾਂ ਲਈ ਲੋੜੀਂਦਾ ਸਮਾਨ ਲੈ ਕੇ ਰਵਾਨਾ ਹੋਈ। ਇਸੇ ਤਰ੍ਹਾਂ ਇੱਕ ਗੱਡੀ ਪਟਿਆਲੇ ਨੂੰ ਰਵਾਨਾ ਹੋਈ। ਇਸ ਮੌਕੇ ਲੋੜਵੰਦ ਵਿਅਕਤੀਆਂ ਲਈ ਕੱਪੜੇ, ਦਵਾਈਆਂ ਅਤੇ ਹੋਰ ਖਾਣ-ਪੀਣ ਨਾਲ ਸਬੰਧਿਤ ਸਮਾਨ ਭੇਜਿਆ ਗਿਆ।

ਲੁਹਾਰਾਂ ਦੀ ਸੰਗਤ ਦੇ ਸਹਿਯੋਗ ਨਾਲ ਹੜ੍ਹ ਪੀੜਤਾਂ ਨੂੰ ਦੂਜੀ ਵਾਰ ਖਾਣ ਪੀਣ ਦਾ ਸਮਾਨ ਭੇਜਿਆ

ਭੋਗਪੁਰ, (ਗੁਰਪ੍ਰੀਤ ਸਿੰਘ ਭੋਗਲ)-ਪਿੰਡ ਲੁਹਾਰਾਂ (ਮਾਣਕਰਾਏ) ਵਿਖੇ ਮਾਈ ਟਾਹਲੀ ਯੂਥ ਐਂਡ ਸਪੋਰਟਸ ਕਲੱਬ ਦੇ ਸਮੂਹ ਨੌਜਵਾਨ, ਸਮੂਹ ਸਾਧ ਸੰਗਤ, ਐਨ. ਆਰ.ਆਈ. ਵੀਰਾਂ, ਦੇ ਸਹਿਯੋਗ ਨਾਲ ਹੜਾ ਨਾਲ ਪੀੜਿਤ ਲੋਕਾਂ ਨੂੰ ਦੂਜੀ ਵਾਰ ਪਾਣੀ, ਬਿਸਕੁਟ, ਦੁੱਧ, ਰਸ, ਮਸਰਦਾਨੀ, ਓਡੋਮੋਸ ਕਛੂਆ, ਆਟਾ ਭੇਜਿਆ ਗਿਆ। ਇਸ ਮੌਕੇ 'ਤੇ ਪਰਮਿੰਦਰ ਸਿੰਘ ਦੀਪੂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਸਾਨੂੰ ਸਭ ਨੂੰ ਹੜ ਪੀੜਿਤਾਂ ਦੀ ਵੱਧ ਤੋਂ ਵੱਧ ਸਹਾਇਤਾ ਕਰਨੀ ਚਾਹੀਦੀ ਹੈ। ਹੜ੍ਹਾਂ ਵਿੱਚ ਫਸੇ ਲੋਕਾਂ ਨੂੰ ਸੁਰੱਖਿਅਤ ਥਾਂਵਾਂ ਉੱਤੇ ਪਹੁੰਚਾਉਣ ਜਾਂ ਲੋਕਾਂ ਤੱਕ ਲੋੜੀਂਦਾ ਸਮਾਨ ਪਹੁੰਚਾਉਣ ਲਈ ਕਈ ਨਾਗਰਿਕ ਵੀ ਅੱਗੇ ਆ ਰਹੇ ਹਨ। ਮਦਦ ਕਰਨ ਵਾਲੇ ਆਪੋ-ਆਪਣੇ ਤਰੀਕਿਆਂ ਤੇ ਸਰੋਤਾਂ ਮੁਤਾਬਕ ਕੋਸ਼ਿਸ਼ ਕਰ ਰਹੇ ਹਨ। ਕੋਈ ਬੇਘਰ ਹੋਏ ਲੋਕਾਂ ਦੇ ਰਹਿਣ ਲਈ ਥਾਂ ਅਤੇ ਖਾਣ-ਪੀਣ ਦਾ ਪ੍ਰਬੰਧ ਕਰ ਰਿਹਾ ਹੈ, ਕੋਈ ਪਾਣੀ ਵਿੱਚ ਫਸੇ ਲੋਕਾਂ ਨੂੰ ਕਢਵਾਉਣ ਵਿੱਚ ਅਤੇ ਕੋਈ ਪਾਣੀ ਵਿਚਕਾਰ ਘਰਾਂ ਅੰਦਰ ਬੈਠੇ ਲੋਕਾਂ ਤੱਕ ਜਰੂਰੀ ਸਮਾਨ ਪਹੁੰਚਾਉਣ ਵਿੱਚ ਮਦਦ ਕਰ ਰਿਹਾ ਹੈ। ਸਾਨੂੰ ਸਭ ਨੂੰ ਮਿਲ ਕੇ ਇਸ ਸੇਵਾ 'ਚ ਹਿੱਸਾ ਪਾਉਣਾ ਚਾਹੀਦਾ ਹੈ। ਇਸ ਮੌਕੇ 'ਤੇ ਸਮੂਹ ਪਿੰਡ ਲੁਹਾਰਾਂ ਮਾਣਕਰਾਏ ਦੇ ਵਾਸੀ ਹਾਜ਼ਰ ਸਨ। ਇਸ ਮੌਕੇ ਪਿੰਡ ਲੁਹਾਰਾਂ ਦਾ ਰਹਿਣ ਵਾਲਾ ਰਣਜੀਤ ਸਿੰਘ ਰਮਨ ਆਪਣੀ ਗੱਡੀ ਦੀ ਫ੍ਰੀ ਸੇਵਾ ਨਿਭਾ ਰਿਹਾ ਹੈ।

ਐਮਿਟੀ ਸਕੂਲ ਨੂੰ ਪੰਜਾਬੀ ਵਿਸ਼ਾ ਨਾ ਪੜ੍ਹਾਉਣ ਕਾਰਨ ਕੀਤਾ 50 ਹਜ਼ਾਰ ਰੁਪਏ ਜੁਰਮਾਨਾ

ਚੰਡੀਗੜ੍ਹ, (ਗੁਰਜੀਤ ਬਿੱਲਾ)- ਪੰਜਾਬ ਦੇ ਸਕੂਲ ਸਿੱਖਿਆ ਅਤੇ ਭਾਸ਼ਾ ਮੰਤਰੀ ਹਰਜੋਤ ਸਿੰਘ ਨੇ ਦੱਸਿਆ ਕਿ ਐਮਿਟੀ ਇੰਟਰਨੈਸ਼ਨਲ ਸਕੂਲ, ਸੈਕਟਰ 79 ਵੱਲੋਂ ਪੰਜਾਬੀ ਭਾਸ਼ਾ ਨੂੰ ਲਾਜਮੀ ਵਿਸ਼ੇ ਵਜੋਂ ਨਹੀਂ ਪੜ੍ਹਾਇਆ ਜਾ ਰਹਾ ਜਿਸ ਕਾਰਨ ਇਸ ਨਿੱਜੀ ਸਕੂਲ ਨੂੰ 50 ਹਜਾਰ ਰੁਪਏ ਦਾ ਜੁਰਮਾਨਾ ਕੀਤਾ ਗਿਆ ਹੈ। ਬੈਂਸ ਨੇ ਦੱਸਿਆ ਕਿ ਸਿੱਖਿਆ ਵਿਭਾਗ ਦੇ ਧਿਆਨ ਵਿੱਚ ਆਇਆ ਸੀ ਕਿ ਉਕਤ ਸਕੂਲ ਵੱਲੋ ਪੰਜਾਬੀ ਭਾਸ਼ਾ ਨੂੰ ਲਾਜ਼ਮੀ

24-JULY-PAGE-10.qxd 7/23/2023 10:20 PM Page 1

ਵਧ ਰਹੀਆਂ ਚੋਰੀ ਦੀਆਂ ਘਟਨਾਵਾਂ 'ਤੇ ਪੁਲਸ ਕਾਰਗੁਜ਼ਾਰੀ 'ਤੇ ਖੜ੍ਹੇ ਹੋਏ ਸਵਾਲ

ਬਾਘਾ ਪੁਰਾਣਾ (ਮਨੀ ਸਿੰਗਲਾ)-ਸਥਾਨਕ ਸ਼ਹਿਰ ਵਿਚ ਆਏ ਦਿਨ ਵਾਪਰ ਰਹੀਆਂ ਚੋਰੀ ਦੀਆਂ ਘਟਨਾਵਾਂ ਕਰ ਕੇ ਬਾਘਾ ਪੁਰਾਣਾ ਦੇ ਦੁਕਾਨਦਾਰ ਸਹਿਮ ਦੇ ਮਹੌਲ ਵਿਚ ਜੀਅ ਰਹੇ ਹਨ, ਹਫਤੇ ਦਾ ਕੋਈ ਦਿਨ ਹੀ ਕਰਮਾਂ ਵਾਲਾ ਹੋਵੇਗਾ ਕਿ ਜਿਸ ਦਿਨ ਬਾਘਾ ਪੁਰਾਣਾ ਵਿਚ ਚੋਰੀ ਦੀ ਘਟਨਾ ਨਾ ਹੋਈ ਹੋਵੇ। ਬਾਘਾ ਪੁਰਾਣਾ ਵਿਚ ਪਿਛਲੇ ਦਿਨੀਂ ਵਾਪਰੀਆਂ ਚੋਰੀ ਦੀਆਂ ਘਟਨਾਵਾਂ ਦਾ ਮਾਮਲਾ ਅਜੇ ਠੰਢਾ ਨਹੀਂ ਪਿਆ ਸੀ ਕਿ ਬੀਤੀ ਰਾਤ ਫਿਰ ਅਣਪਛਾਤੇ ਚੋਰਾਂ ਵੱਲੋਂ ਸਥਾਨਕ ਸ਼ਹਿਰ ਦੇ ਮੋਗਾ ਰੋਡ ਉਪਰ ਸਥਿਤ ਲਵ ਕਮਿਊਨੀਕੇਸ਼ਨ ਦੁਕਾਨ ਨੂੰ ਨਿਸ਼ਾਨਾ ਬਣਾਉਂਦਿਆਂ ਲੱਖਾਂ ਰੁਪਿਆਂ ਦੇ ਮੋਬਾਇਲ ਫੋਨ ਚੋਰੀ ਕਰ ਕੇ ਫਰਾਰ ਹੋ ਗਏ, ਜਿਸ ਦਾ ਦੁਕਾਨਦਾਰ ਨੂੰ ਸਵੇਰ ਸਮੇਂ ਦੁਕਾਨ 'ਤੇ ਆਉਣ 'ਤੇ ਪਤਾ ਲੱਗਾ। ਚੋਰੀ ਦੀ ਘਟਨਾ ਸੰਬੰਧੀ ਦੁਕਾਨ ਮਾਲਕ ਲਵਪ੍ਰੀਤ ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਹ ਬੀਤੀ ਰਾਤ ਰੋਜ਼ਾਨਾ ਦੀ ਤਰ੍ਹਾਂ ਆਪਣੀ ਦੁਕਾਨ ਬੰਦ ਕਰ ਕੇ ਚਲਾ ਗਿਆ ਅਤੇ ਜਦੋਂ ਅੱਜ ਸਵੇਰ ਦੁਕਾਨ 'ਤੇ ਆ ਕੇ ਦੇਖਿਆ ਤਾਂ ਦੁਕਾਨ ਵਿਚ ਪਏ ਸਾਰੇ ਮੋਬਾਇਲ ਫੋਨ ਗਾਇਬ ਸਨ। ਜਦ ਉਸ ਦੀ ਨਿਗ੍ਹਾ ਛੱਤ ਉਪਰ ਪਈ ਤਾਂ ਉਸ ਨੂੰ ਪਤਾ ਲੱਗਾ ਕਿ ਅਣਪਛਾਤੇ ਚੋਰ ਦੁਕਾਨ ਦੀ ਛੱਤ ਪਾੜ ਕੇ ਦੁਕਾਨ ਅੰਦਰ ਦਾਖਲ ਹੋਏ ਅਤੇ ਦੁਕਾਨ ਵਿਚ ਪਏ ਵੱਖ-ਵੱਖ ਕੰਪਨੀਆਂ ਦੇ ਮੋਬਾਇਲ ਆਈ ਫੋਨ, ਓਪੋ, ਵੀਵੋ, ਸੈਮਸੰਗ ਦੇ ਇਲਾਵਾ ਹੋਰ ਮੋਬਾਇਲ ਚੋਰੀ ਕਰ ਕੇ ਲੈ ਗਏ। ਚੋਰੀ ਹੋਏ ਮੋਬਾਇਲਾਂ ਵਿਚ ਗ੍ਰਾਹਕਾਂ ਦੇ ਮੋਬਾਇਲ ਵੀ ਸ਼ਾਮਲ ਹਨ, ਜੋ ਉਨ੍ਹਾਂ ਨੂੰ ਠੀਕ ਕਰਵਾਉਣ ਲਈ ਆਏ ਸਨ। ਉਨ੍ਹਾਂ ਦੱਸਿਆ ਕਿ ਚੋਰੀ ਹੋਏ ਸਮਾਨ ਦੀ ਕੁੱਲ ਕੀਮਤ 20-25 ਲੱਖ ਦੇ ਕਰੀਬ ਬਣਦੀ ਹੈ। ਉਨ੍ਹਾਂ ਵੱਲੋਂ ਪੁਲਸ ਨੂੰ ਜਾਣਕਾਰੀ ਦੇ ਦਿੱਤੀ ਗਈ। ਘਟਨਾ ਵਾਲੀ ਜਗ੍ਹਾ ਉਪਰ ਹਾਜ਼ਰ ਵਿਮਲ ਗਰਗ, ਰਿਪੀ ਬਾਂਸਲ, ਪਵਨ ਗੋਇਲ ਅਤੇ ਹੋਰ ਦੁਕਾਨਦਾਰਾਂ ਨੇ ਬੀਤੀ ਰਾਤ ਵਾਪਰੀ ਘਟਨਾ ਨੂੰ ਮੰਦਭਾਗੀ ਦੱਸਦਿਆਂ ਕਿਹਾ ਕਿ ਬਾਘਾ ਪੁਰਾਣਾ ਪੁਲਸ ਨੂੰ ਚੋਰਾਂ ਉਪਰ ਨੱਥ ਪਾਉਣੀ ਚਾਹੀਦੀ ਹੈ। ਉਨ੍ਹਾਂ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਜਲਦ ਤੋਂ ਜਲਦ ਚੋਰਾਂ ਨੂੰ ਕਾਬੂ ਕੀਤਾ ਜਾਵੇ ਅਤੇ ਸਥਾਨਕ ਸ਼ਹਿਰ ਵਿਚ ਪੁਲਸ ਗਸ਼ਤ ਵਧਾਈ ਜਾਵੇ ਤਾਂ ਜੋ ਸ਼ਹਿਰ ਵਾਸੀ ਰਾਤ ਦੀ ਚੈਨ ਦੀ ਨੀਂਦ ਸੌ ਸਕਣ।

ਹਰਨੂਰ ਕੋਚਰ ਵੱਲੋਂ ਯੂਨੀਵਰਸਲ ਕੈਂਪਸ ਦਾ ਦੌਰਾ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)

ਕੈਨੇਡਾ ਦੇ ਪੋਲੀਟੀਕਲ ਸਾਇੰਸ ਅੰਡਰ ਗ੍ਰੈਜੂਏਟ ਐਸੋਸੀਏਸ਼ਨ ਦੇ ਪ੍ਰੈਜ਼ੀਡੈਂਟ ਤੇ ਮਸ਼ਹੂਰ ਕਮਿਊਨਿਟੀ ਲੀਡਰ ਹਰਨੂਰ ਕੋਚਰ ਵੱਲੋਂ ਸਥਾਨਕ ਯੂਨੀਵਰਸਲ ਕੈਂਪਸ ਦਾ ਦੌਰਾ ਕੀਤਾ ਗਿਆ। ਇਸ ਦੌਰਾਨ ਉਨ੍ਹਾ ਵਿਦਿਆਰਥੀਆਂ ਤੇ ਅਧਿਆਪਕਾਂ ਨਾਲ ਵਿਚਾਰ ਸਾਂਝੇ ਕੀਤੇ। ਹਰਨੂਰ ਕੋਚਰ ਕੈਨੇਡਾ ਵਿੱਚ ਆਪ ਵੀ ਔਰਤਾਂ ਤੇ ਜਾਤੀ ਦੇ ਭੇਦ-ਭਾਵ ਨੂੰ ਦੂਰ ਕਰਨ ਲਈ ਇੱਕ ਸੰਸਥਾ ਚਲਾ ਰਹੇ ਹਨ। ਉਹ ਕੈਨੇਡਾ ਵਿੱਚ ਪੋਲੀਟੀਕਲ ਸਲਾਹਕਾਰ ਦੇ ਤੌਰ 'ਤੇ ਜਸਟਿਨ ਟਰੂਡੋ ਨਾਲ ਉਨ੍ਹਾਂ ਦੇ ਦਫਤਰ ਵਿੱਚ ਕੰਮ ਕਰਦੇ ਹਨ। ਸਮਾਗਮ ਨੂੰ ਸੰਬੋਧਨ ਕਰਦਿਆਂ ਉਨ੍ਹਾ ਕਿਹਾ ਕਿ ਵਿਦਿਆਰਥੀਆਂ ਲਈ ਪੜ੍ਹਾਈ ਤੋਂ ਇਲਾਵਾ ਸਮਾਜਿਕ ਕਾਰਜਾਂ ਵਿੱਚ ਭਾਗ ਲੈਣਾ ਜ਼ਰੂਰੀ ਹੈ। ਇਸ ਦੌਰਾਨ ਕਾਲਜ ਦੇ ਚੇਅਰਮੈਨ ਬਲਜੀਤ ਸਿੰਘ, ਸੈਕਟਰੀ ਪਰਮਿੰਦਰ ਸਿੰਘ ਘੱਗਾ ਤੇ ਪ੍ਰਬੰਧਕ ਵੀਰਇੰਦਰ ਸਿੰਘ ਨੇ ਉਨ੍ਹਾਂ ਦਾ ਸਵਾਗਤ ਕੀਤਾ ਤੇ ਕਿਹਾ ਕਿ ਅਜਿਹੀ ਸ਼ਖਸੀਅਤ 'ਤੇ ਸਾਰੇ ਪੰਜਾਬੀਆਂ ਨੂੰ ਮਾਣ ਹੈ, ਜੋ ਕੈਨੇਡਾ 'ਚ ਰਹਿ ਕੇ ਸਾਰੀ ਪੰਜਾਬੀਅਤ ਦਾ ਨਾਮ ਰੌਸ਼ਨ ਕਰ ਰਹੇ ਹਨ। ਕਾਲਜ ਦੇ ਡਾਇਰੈਕਟਰ ਡਾ. ਅਮਰੀਸ਼ ਧਵਨ ਤੇ ਪ੍ਰਿੰਸੀਪਲ ਯਾਦਵਿੰਦਰ ਸਿੰਘ ਨੇ ਉਨ੍ਹਾਂ ਦਾ ਕਾਲਜ ਕੰਪਲੈਕਸ ਵਿੱਚ ਪਹੁੰਚਣ 'ਤੇ ਧੰਨਵਾਦ ਕੀਤਾ। ਸਮਾਗਮ ਦੌਰਾਨ ਸਾਵਣ ਨੂੰ ਮੁੱਖ ਰੱਖਦੇ ਹੋਏ ਮੈਡਮ ਹਰਨੂਰ ਕੋਚਰ ਵੱਲੋਂ ਕਾਲਜ ਕੈਂਪਸ ਵਿੱਚ ਬੂਟੇ ਲਗਾਏ ਗਏ। ਉਨ੍ਹਾ ਨਾਲ ਟੀ ਡੀ ਆਈ ਮੋਹਾਲੀ ਦੇ ਪ੍ਰੈਜ਼ੀਡੈਂਟ ਰਾਜਵਿੰਦਰ ਸਿੰਘ ਨੇ ਵੀ ਉਚੇਚੇ ਤੌਰ 'ਤੇ ਬੂਟੇ ਲਗਾਉਣ ਵਿੱਚ ਸ਼ਮੂਲੀਅਤ ਕੀਤੀ। ਕਾਲਜ ਦੇ ਪ੍ਰੋਫੈਸਰ ਮੈਡਮ ਕਰਮਜੀਤ ਕੌਰ ਨੇ ਮੈਡਮ ਨੂੰ ਕਾਲਜ ਦੀਆਂ ਉਪਲਬਧੀਆਂ ਬਾਰੇ ਜਾਣੂ ਕਰਵਾਇਆ।

ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਵੱਲੋਂ ਨਸ਼ਾ ਸਮਗਲਰਾਂ ਖਿਲਾਫ ਸਖਤ ਕਾਰਵਾਈ ਦੀ ਮੰਗ

■ ਹੜ੍ਹ ਪੀੜਤਾਂ ਦੀ ਸਹਾਇਤਾ ਬਾਦਸਤੂਰ ਜਾਰੀ

ਮਾਨਸਾ (ਆਤਮਾ ਸਿੰਘ ਪਮਾਰ)

ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਜ਼ਿਲ੍ਹਾ ਮਾਨਸਾ ਦੀ ਅਹਿਮ ਮੀਟਿੰਗ ਤੇਜਾ ਸਿੰਘ ਸੁਤੰਤਰ ਭਵਨ ਮਾਨਸਾ ਵਿਖੇ ਜ਼ਿਲ੍ਹਾ ਪ੍ਰਧਾਨ ਸੱਤਪਾਲ ਗਿਸ਼ੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸਮੂਹ ਜ਼ਿਲ੍ਹਾ ਕਮੇਟੀ ਤੇ ਬਲਾਕ ਆਗੂਆਂ ਨੇ ਸ਼ਮੂਲੀਅਤ ਕੀਤੀ। ਸੂਬਾ ਪ੍ਰਧਾਨ ਧੰਨਾ ਮੱਲ ਗੋਇਲ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਸ਼ਾਮਲ ਆਗੂਆਂ ਨੇ ਮੌਜੂਦਾ ਹਾਲਤਾਂ 'ਤੇ ਵਿਚਾਰ ਵਟਾਂਦਰਾ ਕਰਦੇ ਹੋਏ ਹੜ੍ਹਾਂ ਨਾਲ ਹੋਏ ਭਾਰੀ ਜਾਨੀ ਤੇ ਮਾਲੀ ਨੁਕਸਾਨ 'ਤੇ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਜਦ ਕਦੇ ਵੀ ਕੁਦਰਤੀ ਆਫਤਾਂ ਸੂਬੇ ਵਿੱਚ ਆਈਆਂ ਹਨ ਤਾਂ ਹਮੇਸ਼ਾ ਹੀ ਸਾਡੀ ਜਥੇਬੰਦੀ ਨੇ ਮੋਹਰੀ ਭੂਮਿਕਾ ਅਦਾ ਕੀਤੀ ਹੈ। ਇਸ ਸਮੇਂ ਵੀ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਮੁੱਢਲੀਆਂ ਸਿਹਤ ਸੇਵਾਵਾਂ ਦੇ ਕਾਰਜ ਵਿੱਚ ਆਪਣੀ ਸਮਰੱਥਾ ਅਨੁਸਾਰ ਯੋਗਦਾਨ ਬਾਦਸਤੂਰ ਪਾ ਰਹੀ ਹੈ। ਉਨ੍ਹਾ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪ੍ਰਭਾਵਿਤ ਇਲਾਕਿਆਂ ਵਿੱਚ ਹੋਏ ਜਾਨੀ ਤੇ ਮਾਲੀ ਨੁਕਸਾਨ ਦੀ ਭਰਪਾਈ ਜਲਦ ਤੋਂ ਜਲਦ ਕੀਤੀ ਜਾਵੇ। ਇਸ ਕਾਰਜ ਵਿੱਚ ਲੋਗੀਆਂ ਸਮੂਹ ਜਥੇਬੰਦੀਆਂ, ਸਮਾਜਸੇਵੀ, ਧਾਰਮਿਕ ਸੰਸਥਾਵਾਂ

ਤੇ ਵੱਡੀ ਗਿਣਤੀ 'ਚ ਮੈਡੀਕਲ ਪ੍ਰੈਕਟੀਸ਼ਨਰਾਂ ਵੱਲੋਂ ਸਿਹਤ ਸੇਵਾਵਾਂ ਦੇ ਖੇਤਰ ਵਿੱਚ ਪਾਏ ਜਾ ਰਹੇ ਵੱਡਮੁੱਲੇ ਯੋਗਦਾਨ ਦੀ ਸ਼ਲਾਘਾ ਕਰਦਿਆਂ ਦਿਲੀ ਧੰਨਵਾਦ ਕੀਤਾ।

ਨਸ਼ਿਆਂ ਸਬੰਧੀ ਚੱਲ ਰਹੀ ਮੁਹਿੰਮ ਦਾ ਜ਼ੋਰਦਾਰ ਸਮਰਥਨ ਕਰਦਿਆਂ ਨਸ਼ੇ ਦੇ ਸੌਦਾਗਰਾਂ ਨੂੰ ਸਖਤ ਸਜ਼ਾਵਾਂ ਦੇਣ ਦੀ ਮੰਗ ਵੀ ਕੀਤੀ। ਇਸ ਸਮੇਂ ਜ਼ਿਲ੍ਹਾ ਸਕੱਤਰ ਸਿਮਰਜੀਤ ਗਾਗੋਵਾਲ, ਸੀਨੀਅਰ ਵਾਈਸ ਪ੍ਰਧਾਨ ਗੁਰਜੀਤ ਸਿੰਘ ਬਰ੍ਹੇ, ਕੈਸ਼ੀਅਰ ਅਮਰੀਕ ਸਿੰਘ ਮਾਖਾ, ਸਹਾਇਕ ਸਕੱਤਰ ਹਰਬੰਸ ਸਿੰਘ, ਸਲਾਹਕਾਰ ਹਰਚੰਦ ਸਿੰਘ, ਬਲਾਕ ਬਰੇਟਾ ਦੇ ਪ੍ਰਧਾਨ ਪ੍ਰੇਮ ਸਿੰਘ ਕਿਸ਼ਨਗੜ੍ਹ, ਝੁਨੀਰ ਦੇ ਅੰਗਰੇਜ ਸਿੰਘ, ਜੋਗਾ ਦੇ ਗੁਰਬਿੰਦਰ ਸਿੰਘ, ਮਾਨਸਾ ਦੇ ਪ੍ਰੇਮ ਗਰਗ, ਭੀਖੀ ਦੇ ਸਤਵੰਤ ਸਿੰਘ, ਬੁਢਲਾਡਾ ਦੇ ਸੀਨੀਅਰ ਵਾਈਸ ਪ੍ਰਧਾਨ ਨਾਇਬ ਸਿੰਘ, ਬੋਹਾ ਦੇ ਕੈਸ਼ੀਅਰ ਕੁਲਵੰਤ ਸਿੰਘ ਅੱਕਾਂਵਾਲੀ, ਪਾਲ ਸਿੰਘ, ਗੁਰਪ੍ਰੀਤ ਸਿੰਘ, ਬਿੰਟੂ ਸ਼ਰਮਾ, ਰਾਜ ਸਿੰਘ ਝੰਡੂਕੇ, ਸੁਖਵਿੰਦਰ ਸਿੰਘ ਉਲਕ ਆਦਿ ਆਗੂਆਂ ਨੇ ਵਿਚਾਰ ਵਟਾਂਦਰਾ ਕਰਦੇ ਹੋਏ ਪੰਜਾਬ ਸਰਕਾਰ ਤੋਂ ਨਸ਼ਾ ਸਮਗਲਰਾਂ 'ਤੇ ਸਖਤ ਕਾਰਵਾਈ ਦੀ ਮੰਗ ਕੀਤੀ।

ਕਾਤਰਾਂ

ਕੁਲਜੀਤ ਸਿੰਘ ਨੇ ਪਾਵਰ ਲਿਫਟਿੰਗ 'ਚ ਗੋਲਡ ਮੈਡਲ ਜਿੱਤਿਆ

ਜਲਾਲਾਬਾਦ (ਜੀਤ ਕੁਮਾਰ)-ਜੀ.ਜੀ.ਐੱਸ. ਡੀ.ਏ.ਵੀ. ਕਾਲਜ ਦੇ ਵਿਦਿਆਰਥੀ ਕੁਲਜੀਤ ਸਿੰਘ ਪੁੱਤਰ ਕਰਨੈਲ ਸਿੰਘ ਨੇ ਚੰਡੀਗੜ੍ਹ ਸਟੇਟ ਪਾਵਰ ਲਿਫਟਿੰਗ ਮੁਕਾਬਲੇ ਵਿੱਚੋਂ ਗੋਲਡ ਮੈਡਲ ਪ੍ਰਾਪਤ ਕਰਕੇ ਸਾਰੇ ਇਲਾਕੇ ਤੇ ਕਾਲਜ ਦਾ ਨਾਮ ਰੋਸ਼ਨ ਕੀਤਾ। ਕੁਲਜੀਤ ਸਿੰਘ ਨੇ ਪਿਛਲੇ ਸਾਲ ਵੀ ਪਾਵਰ ਲਿਫਟਿੰਗ ਮੁਕਾਬਲਿਆਂ ਵਿੱਚੋਂ ਕਈ ਮੈਡਲ ਪ੍ਰਾਪਤ ਕੀਤੇ ਸਨ। ਕਾਲਜ ਦੇ ਪ੍ਰਿੰਸੀਪਲ ਡਾ. ਸੰਜੇ ਸ਼ਰਮਾ ਨੇ ਕੁਲਜੀਤ ਸਿੰਘ ਦੇ ਪੂਰੇ ਪਰਿਵਾਰ ਨੂੰ ਮੁਬਾਰਕ ਦਿੱਤੀ ਤੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ। ਉਨ੍ਹਾ ਦੱਸਿਆ ਕਿ ਜਿਸ ਲਗਨ ਤੇ ਮਿਹਨਤ ਨਾਲ ਕੁਲਜੀਤ ਸਿੰਘ ਖੇਡ ਰਿਹਾ ਹੈ, ਇਹ ਵੱਡੀਆਂ ਪ੍ਰਾਪਤੀਆਂ ਕਰੇਗਾ। ਉਨ੍ਹਾ ਦੱਸਿਆ ਕਿ ਜਿਹੜੇ ਵਿਦਿਆਰਥੀ ਆਪਣੇ ਅੰਦਰ ਛਿਪੀ ਕਲਾਂ ਨੂੰ ਪਹਿਚਾਣ ਸੌ ਪ੍ਰਤੀਸ਼ਤ ਮਿਹਨਤ ਲਗਾ ਦਿੰਦੇ ਹਨ, ਉਹ ਜ਼ਰੂਰ ਕਾਮਯਾਬ ਹੋ ਜਾਂਦੇ ਹਨ। ਉਨ੍ਹਾ ਹੋਰਨਾਂ ਵਿਦਿਆਰਥੀਆਂ ਨੂੰ ਵੀ ਆਪਣੇ ਟੀਚੇ ਪ੍ਰਾਪਤ ਕਰਨ ਲਈ ਮਿਹਨਤ ਕਰਦੇ ਰਹਿਣ ਦੀ ਸਲਾਹ ਦਿੱਤੀ। ਉਨ੍ਹਾ ਦੱਸਿਆ ਕਿ ਦੁਨੀਆ ਦੇ ਕਾਮਯਾਬ ਖਿਡਾਰੀ, ਕਲਾਕਾਰ ਆਦਿ ਪਿੱਛੇ ਉਸ ਦਾ ਲੰਬਾ ਇਤਿਹਾਸ ਛਿਪਿਆ ਹੋਇਆ ਹੈ, ਜੋ ਉਸ ਦੀ ਕਾਮਯਾਬੀ ਦੀ ਗਵਾਹੀ ਭਰਦਾ ਹੈ। ਇਸ ਮੌਕੇ ਕਾਲਜ ਦੇ ਸੀਨੀਅਰ ਪ੍ਰੋ. ਅਸ਼ਵਨੀ ਕਾਲੀਆਂ, ਪ੍ਰੋ. ਜਗਦੇਵ, ਪ੍ਰੋ. ਪ੍ਰੇਮ ਲਾਲ ਆਦਿ ਮੌਜੂਦ ਸਨ।

ਮਾਲਵਾ ਕਾਲਜ ਬੌਦਲੀ ਦੇ ਸ਼ਾਨਦਾਰ ਨਤੀਜੇ

ਸਮਰਾਲਾ (ਸੁਰਜੀਤ ਸਿੰਘ)-ਮਾਲਵਾ ਕਾਲਜ ਬੌਦਲੀ-ਸਮਰਾਲਾ, ਜੋ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਮਾਨਤਾ ਪ੍ਰਾਪਤ ਹੈ, ਸ੍ਰ. ਬਲਬੀਰ ਸਿੰਘ ਰਾਜੇਵਾਲ ਪ੍ਰਧਾਨ ਮਾਲਵਾ ਐਜੂਕੇਸ਼ਨ ਕੌਂਸਲ ਦੀ ਯੋਗ ਅਗਵਾਈ ਵਿੱਚ ਵਿੱਦਿਆ ਤੇ ਖੇਡਾਂ ਦੇ ਖੇਤਰ ਵਿੱਚ ਸ਼ਲਾਘਾਯੋਗ ਕੰਮ ਕਰ ਰਿਹਾ ਹੈ। ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਡਾ. ਹਰਿੰਦਰ ਕੌਰ ਨੇ ਦੱਸਿਆ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨੇ ਗਏ ਇਸ ਸਾਲ ਦੇ ਨਤੀਜੇ ਸ਼ਾਨਦਾਰ ਰਹੇ, ਜਿਸ ਵਿੱਚੋਂ ਬੀ.ਐੱਸ.ਸੀ. ਸਮੈਸਟਰ ਛੇਵੇਂ ਦਾ ਨਤੀਜਾ 100% ਰਿਹਾ। ਇਨ੍ਹਾਂ ਨਤੀਜਿਆਂ ਵਿੱਚ ਵਿਦਿਆਰਥੀਆਂ ਨੇ ਵਧੀਆ ਕਾਰਗੁਜ਼ਾਰੀ ਕਰਕੇ ਕਾਲਜ ਦਾ ਨਾਮ ਰੌਸ਼ਨ ਕੀਤਾ। ਬੀ. ਏ. ਸਮੈਸਟਰ ਛੇਵਾਂ ਵਿੱਚ ਅਰਸ਼ਦੀਪ ਕੌਰ ਨੇ 76% ਅੰਕ ਲੈ ਕੇ ਪਹਿਲਾ, ਮੁਸਕਾਨਪ੍ਰੀਤ ਕੌਰ ਨੇ 74.75% ਲੈ ਕੇ ਦੂਜਾ ਤੇ ਨੇਹਾ ਰਾਣੀ ਨੇ 72% ਅੰਕ ਪ੍ਰਾਪਤ ਤੀਜਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਬੀ.ਐੱਸ.ਸੀ. ਸਮੈਸਟਰ ਛੇਵਾਂ ਵਿੱਚ ਨਵਪ੍ਰੀਤ ਕੌਰ ਨੇ 85.85% ਅੰਕ ਲੈ ਕੇ ਪਹਿਲਾ, ਅਰਸ਼ਦੀਪ ਕੌਰ ਨੇ 83% ਲੈ ਕੇ ਦੂਜਾ ਤੇ ਕੋਮਲਪ੍ਰੀਤ ਕੌਰ ਨੇ 82.35% ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ ਮਾਲਵਾ ਐਜੂਕੇਸ਼ਨ ਕੌਂਸਲ ਦੇ ਪ੍ਰਧਾਨ ਸ੍ਰ. ਬਲਬੀਰ ਸਿੰਘ ਰਾਜੇਵਾਲ ਨੇ ਕਾਰਜਕਾਰੀ ਪ੍ਰਿੰਸੀਪਲ, ਸਮੂਹ ਸਟਾਫ਼ ਮੈਂਬਰਾਂ ਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਅੱਗੇ ਤੋਂ ਹੋਰ ਮਿਹਨਤ ਕਰਨ ਲਈ ਪ੍ਰੇਰਿਆ।

ਜੇ ਐੱਮ ਐੱਸ ਨੇ ਲਵਾਇਆ ਆਸਟ੍ਰੇਲੀਆ ਦਾ ਵੀਜ਼ਾ

ਬਾਘਾ ਪੁਰਾਣਾ (ਮਨੀ ਸਿੰਗਲਾ)-ਸਥਾਨਕ ਸ਼ਹਿਰ ਦੀ ਮੰਨੀ ਪ੍ਰਮੰਨੀ ਸੰਸਥਾ ਜੇ.ਐੱਮ.ਐੱਸ. ਇਮੀਗ੍ਰੇਸ਼ਨ ਨੇ ਸਿਮਰਜੀਤ ਸਿੰਘ ਪੁੱਤਰ ਸੁੱਖਪਾਲ ਸਿੰਘ ਵਾਸੀ ਬੰਬੀਹਾ ਭਾਈ ਜ਼ਿਲ੍ਹਾ ਮੋਗਾ ਦਾ ਬਹੁਤ ਹੀ ਘੱਟ ਸਮੇਂ ਵਿੱਚ ਆਸਟ੍ਰੇਲੀਆ ਦਾ ਸਪਾਊਸ ਓਪਨ ਵਰਕ ਪਰਮਿੱਟ ਵੀਜ਼ਾ ਲਗਵਾ ਕੇ ਉਨ੍ਹਾਂ ਦਾ ਵਿਦੇਸ਼ ਜਾਣ ਦਾ ਸੁਪਨਾ ਬਹੁਤ ਹੀ ਘੱਟ ਸਮੇਂ 'ਚ ਪੂਰਾ ਕੀਤਾ ਹੈ। ਸਿਮਰਜੀਤ ਸਿੰਘ ਨੇ ਆਪਣੀ ਖੁਸ਼ੀ ਸਾਂਝੀ ਕਰਦਿਆਂ ਕਿਹਾ ਕਿ ਉਹ ਸੰਸਥਾ ਦੀ ਵੀਜ਼ਾ ਸਰਵਿਸ ਤੋਂ ਬਹੁਤ ਖੁਸ਼ ਹੈ। ਸੰਸਥਾ ਜੇ.ਐੱਮ.ਐੱਸ. ਨੇ ਪਹਿਲੀ ਵਾਰ 'ਚ ਹੀ ਮੈਨੂੰ ਮੇਰਾ ਵੀਜ਼ਾ ਬਹੁਤ ਹੀ ਥੋੜ੍ਹੇ ਦਿਨਾਂ ਵਿੱਚ ਲਗਵਾ ਕੇ ਦਿੱਤਾ ਹੈ। ਸੰਸਥਾ ਦੇ ਡਾਇਰੈਕਟਰ ਹਰਲਾਲ ਸਿੰਘ ਮਾਨ ਨੇ ਵੀਜ਼ੇ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਜਿਨ੍ਹਾਂ ਦਾ ਵੀਜ਼ਾ ਕਿਸੇ ਵੀ ਕਾਰਨ ਕਰਕੇ ਵਾਰ-ਵਾਰ ਰਫਿਊਜ਼ ਹੋ ਰਿਹਾ ਹੈ, ਉਨ੍ਹਾਂ ਨੂੰ ਘਬਰਾਉਣ ਦੀ ਲੋੜ ਨਹੀਂ, ਉਹ ਇੱਕ ਵਾਰ ਆਪਣੇ ਦਸਤਾਵੇਜ਼ ਸਾਡੇ ਨਾਲ ਜ਼ਰੂਰ ਸਾਂਝੇ ਕਰਨ। ਸੰਸਥਾ ਜੇ.ਐੱਮ.ਐੱਸ. ਤੁਹਾਨੂੰ ਤਸੱਲੀਬਖਸ਼ ਸਲਾਹ ਦੇ ਕੇ ਬਹੁਤ ਹੀ ਘੱਟ ਸਮੇਂ ਵਿੱਚ ਤੁਹਾਡਾ ਵੀ ਵਿਦੇਸ਼ ਜਾਣ ਦਾ ਸੁਪਨਾ ਪਹਿਲੀ ਵਾਰ ਵਿੱਚ ਹੀ ਪੂਰਾ ਕਰੇਗੀ।

ਵੀਰਪਾਲ ਕੌਰ ਨੇ ਮੈਰਿਟ ਸੂਚੀ 'ਚ ਪ੍ਰਾਪਤ ਕੀਤਾ ਸੱਤਵਾਂ ਸਥਾਨ

ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਵਾਉਂਦੇ ਹੋਏ ਪ੍ਰਿੰ. ਨੀਨਾ ਅਨੇਜਾ ਤੇ ਸਟਾਫ ਮੈਂਬਰ।

ਮੋਗਾ (ਅਮਰਜੀਤ ਬੱਬਰੀ)-ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨੇ ਬੀ ਸੀ ਏ ਦੇ ਸਮੈਸਟਰ ਦੂਜੇ, ਚੌਥੇ ਤੇ ਛੇਵੇਂ ਦੇ ਨਤੀਜਿਆਂ ਵਿੱਚ ਕਾਲਜ ਵਿਦਿਆਰਥਣਾਂ ਦੀ ਕਾਰਗੁਜ਼ਾਰੀ ਸ਼ਾਨਦਾਰ ਰਹੀ। ਕਾਲਜ ਪ੍ਰਿੰਸੀਪਲ ਡਾ. ਨੀਨਾ ਅਨੇਜਾ ਨੇ ਸ਼ਾਨਦਾਰ ਨਤੀਜਿਆਂ ਲਈ ਸਮੂਹ ਸਟਾਫ, ਵਿਦਿਆਰਥਣਾਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਮੁਬਾਰਕਬਾਦ ਦਿੰ

24-July-PAGE-11-Majha-23.qxd 7/23/2023 10:37 PM Page 1

ਕੋਠੇ ਦੀ ਕੰਧ ਡਿੱਗਣ ਕਾਰਨ ਇਕੋ ਪਰਿਵਾਰ ਦੇ ਜੀਅ ਜ਼ਖਮੀ, ਦੋ ਦੀ ਹਾਲਤ ਗੰਭੀਰ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾਂ)– ਇੱਥੋਂ ਨਾਲ ਲੱਗਦੇ ਪਿੰਡ ਪੱਖੋਕੇ ਟਾਹਲੀ ਸਾਹਿਬ ਵਿਖੇ ਐਤਵਾਰ ਤੜਕਸਾਰ ਮੀਂਹ ਦੇ ਪਾਣੀ ਕਾਰਨ ਕੋਠੇ ਦੀ ਕੰਧ ਡਿੱਗਣ ਨਾਲ ਇੱਕ ਪਰਿਵਾਰ ਦੇ 4 ਜੀਅ ਜੋ ਕਮਰੇ ਵਿੱਚ ਸੁੱਤੇ ਪਏ ਸਨ, ਕੰਧ ਹੇਠਾਂ ਆ ਗਏ, ਜਿਨ੍ਹਾਂ ਵਿਚੋਂ ਦੋ ਦੇ ਕਾਫੀ ਸੱਟਾਂ ਲੱਗੀਆਂ ਅਤੇ ਦੋ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਹਾਦਸਾ ਵਾਪਰਨ ਉਪਰੰਤ ਪਿੰਡ ਵਾਸੀਆਂ ਵੱਲੋਂ 108 ਐਂਬੂਲੈਂਸ ਨੂੰ ਕਾਲ ਕੀਤੀ ਗਈ ਜਿੱਥੇ ਡੇਰਾ ਬਾਬਾ ਨਾਨਕ ਹਸਪਤਾਲ ਵਿੱਚ ਤਾਇਨਾਤ ਐਂਬੂਲੈਂਸ ਦੇ ਪਾਇਲਟ ਕੁਲਜੀਤ ਸਿੰਘ ਅਤੇ ਸੀਐਮਟੀ ਸਿਮਰਨ ਸਿੰਘ ਵੱਲੋਂ ਜ਼ਖਮੀਆਂ ਨੂੰ ਮੁੱਢਲੀ ਸਹਾਇਤਾ ਦੇ ਕੇ ਕਮਿਊਨਿਟੀ ਸਿਹਤ ਕੇਂਦਰ ਕਲਾਨੌਰ ਵਿਖੇ ਇਲਾਜ ਲਈ ਦਾਖਲ ਕਰਵਾਇਆ ਗਿਆ। ਇਸ ਮੌਕੇ ਐਂਬੂਲੈਂਸ ਵਿੱਚ ਤਾਇਨਾਤ ਕਰਮਚਾਰੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ 6:00 ਵਜੇ ਦੇ ਕਰੀਬ ਐਮਰਜੈਂਸੀ ਕਾਲ ਆਈ ਕਿ ਪਿੰਡ ਪੱਖੋਕੇ ਟਾਹਲੀ ਸਾਹਿਬ ਵਿਖੇ ਮਸੀਹ ਭਾਈਚਾਰੇ ਨਾਲ ਸਬੰਧਤ ਨਿਸ਼ਾਨ ਮਸੀਹ ਦੇ ਘਰ ਦੀ ਕੰਧ ਡਿੱਗ ਗਈ ਹੈ ਜਿਸ ਕਾਰਨ ਉਸ ਦੀ ਪਤਨੀ ਕੋਮਲ, ਦੋ ਬੇਟੀਆ ਨੰਦਨੀ, ਸ਼ਿਫਾ ਨੂੰ ਗੰਭੀਰ ਸੱਟਾਂ ਲੱਗੀਆਂ ਹਨ ਜਿਨ੍ਹਾਂ ਨੂੰ ਕਮਿਊਨਿਟੀ ਸਿਹਤ ਕੇਂਦਰ ਕਲਾਨੌਰ ਵਿਖੇ ਇਲਾਜ ਲਈ ਦਾਖਲ ਕਰਵਾਇਆ ਗਿਆ ਜਿੱਥੇ ਦੋ ਨੂੰ ਸਿਵਲ ਹਸਪਤਾਲ ਗੁਰਦਾਸਪੁਰ ਵਿੱਚ ਰੈਫਰ ਕਰ ਦਿੱਤਾ ਗਿਆ ਹੈ। ਨਿਸ਼ਾਨ ਮਸੀਹ ਦੇ ਦੂਸਰੇ ਪੁੱਤਰ ਨੇ ਦੱਸਿਆ ਕਿ ਮੇਰੇ ਪਿਤਾ ਪੈਰਾਲਾਇਜ਼ ਦੇ ਮਰੀਜ਼ ਹਨ ਅਤੇ ਮੇਰੀ ਮਾਂ ਅਤੇ ਮੇਰੀਆਂ ਦੋ ਭੈਣਾਂ ਮਿਹਨਤ ਮਜ਼ਦੂਰੀ ਕਰਕੇ ਪਰਿਵਾਰ ਦਾ ਪਾਲਣ ਪੋਸ਼ਣ ਕਰਦੀਆਂ ਹਨ। ਉਸ ਨੇ ਕਿਹਾ ਕਿ ਉਨਾਂ ਦੇ ਘਰ ਦੇ ਪਿਛਲੇ ਪਾਸੇ ਖੇਤ ਵਿੱਚ ਖੜ੍ਹੇ ਪਾਣੀ ਕਾਰਨ ਉਨ੍ਹਾਂ ਦੇ ਕੋਠੇ ਦੀ ਕੰਧ ਡਿੱਗੀ ਹੈ, ਉਸ ਕੰਧ ਹੇਠਾਂ ਆਉਣ ਕਾਰਨ ਸਾਰੇ ਪਰਿਵਾਰ ਦੇ ਚਾਰ ਮੈਂਬਰ ਫੱਟੜ ਹੋ ਗਏ ਹਨ ਤੇ ਸਾਡਾ ਘਰੇਲੂ ਸਾਮਾਨ ਵੀ ਨਸ਼ਟ ਹੋ ਗਿਆ। ਇਸ ਮੌਕੇ ਉਨ੍ਹਾਂ ਡਿਪਟੀ ਕਮਿਸ਼ਨਰ ਗੁਰਦਾਸਪੁਰ ਤੋਂ ਮੰਗ ਕੀਤੀ ਕਿ ਉਨ੍ਹਾਂ ਦਾ ਇਲਾਜ ਅਤੇ ਉਨ੍ਹਾਂ ਦੇ ਡਿੱਗੇ ਘਰ ਦਾ ਨਿਰਮਾਣ ਕਰਵਾਇਆ ਜਾਵੇ।

ਪੁਰਾਣਾ ਤਨੇਲ ਦੇ ਦਸ ਸਾਲਾ ਬੱਚੇ ਦੀ ਡਰੇਨ 'ਚ ਡੁੱਬਣ ਕਾਰਨ ਮੌਤ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)– ਹਲਕਾ ਮਜੀਠਾ ਦੇ ਥਾਣਾ ਮੱਤੇਵਾਲ ਅਧੀਨ ਪੈਂਦੇ ਪਿੰਡ ਪੁਰਾਣਾ ਤਨੇਲ ਦੇ ਬਿਨਾਂ ਕਿਨਾਰਿਆਂ ਡਰੇਨ ਦੇ ਪੁਲ 'ਤੇ ਕੁੱਝ ਬੱਚੇ ਬਰਸਾਤ ਦੇ ਵਧੇ ਪਾਣੀ ਨੂੰ ਵੇਖ ਰਹੇ ਸਨ ਕਿ ਅਚਾਨਕ ਗੁਰਸੇਵਕ ਸਿੰਘ (10 ਸਾਲ) ਪੁੱਤਰ ਹਰਪਾਲ ਸਿੰਘ ਪਾਣੀ ਵਿੱਚ ਡਿੱਗ ਪਿਆ ਤੇ ਤੇਜ਼ ਵਹਾਅ ਕਾਰਨ ਰੁੜ੍ਹ ਗਿਆ। ਘਟਨਾ ਸ਼ਾਮ ਪੰਜ ਵਜੇ ਦੇ ਕਰੀਬ ਦੀ ਹੈ। ਸੂਚਨਾ ਮਿਲਦੇ ਸਾਰ ਸਥਾਨਕ ਪ੍ਰਸ਼ਾਸਨਕ ਅਧਿਕਾਰੀ ਪਹੁੰਚ ਗਏ ਸਨ ਤੇ ਲੋਕਾਂ ਦੇ ਸਹਿਯੋਗ ਨਾਲ ਰੱਸਿਆਂ ਦੀ ਮਦਦ ਨਾਲ ਭਾਲ ਕੀਤੀ ਪਰ ਹਨੇਰਾ ਤੇ ਪਾਣੀ ਦਾ ਤੇਜ਼ ਵਹਾਅ ਹੋਣ ਕਾਰਨ ਸਫਲਤਾ ਨਹੀ ਮਿਲੀ। ਪ੍ਰਸ਼ਾਸਨ ਦੀ ਇਸ ਢਿੱਲ ਮੱਠ ਦੇ ਕਾਰਣ ਹੋਰੀ ਦੇਰੀ ਦੇ ਵਿਰੁੱਧ ਅੱਜ ਸਵੇਰ ਤੋਂ ਹੀ ਲੋਕਾਂ ਦੀ ਵੱਡੀ ਭੀੜ ਇਕੱਠੀ ਗਈ ਸੀ ਅਤੇ ਕਿਸੇ ਵੀ ਪ੍ਰਸ਼ਾਸਨਿਕ ਅਧਿਕਾਰੀ ਵੱਲੋਂ ਮੌਕੇ 'ਤੇ ਨਾ ਪਹੁੰਚਣ ਦੇ ਕਾਰਨ ਗੁੱਸੇ ਵਿੱਚ ਆਏ ਲੋਕਾਂ ਵੱਲੋਂ ਅੰਮ੍ਰਿਤਸਰ-ਮਹਿਤਾ ਰੋਡ ਤੇ ਪੁੱਜ ਕੇ ਰੋਡ ਜਾਮ ਕਰ ਦਿੱਤਾ ਗਿਆ, ਜਿਸ ਤੋਂ ਬਾਅਦ ਪੁਲਸ ਅਤੇ ਸਿਵਲ ਪ੍ਰਸ਼ਾਸਨ ਦੀ ਅੱਖ ਖੁੱਲ੍ਹੀ ਅਤੇ ਪੁਲਸ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਮੌਕੇ 'ਤੇ ਪੁੱਜ ਕੇ ਮਾਹੌਲ ਨੂੰ ਸ਼ਾਂਤ ਕਰਦਿਆ ਬੱਚੇ ਦੀ ਭਾਲ ਸ਼ੁਰੂ ਕਰ ਦਿੱਤੀ ਗਈ।

ਡੀਐਸਪੀ ਮਨਮੋਹਨ ਸਿੰਘ ਔਲਖ ਨੇ ਸੰਜੀਦਗੀ ਨਾਲ ਸਥਿਤੀ 'ਤੇ ਕਾਬੂ ਪਾਈ ਰੱਖਿਆ। ਗੋਤਾਖੋਰਾਂ ਦੀ ਟੀਮ ਪਹੁੰਚਦੇ ਹੀ ਬੱਚੇ ਦੇ ਮ੍ਰਿਤਕ ਸਰੀਰ ਦੀ ਭਾਲ ਸ਼ੁਰੂ ਕਰ ਦਿੱਤੀ. ਤਕਰੀਬਨ ਤਿੰਨ ਚਾਰ ਘੰਟਿਆਂ ਦੀ ਭਾਰੀ ਮਿਹਨਤ ਪਿੱਛੋਂ ਕਰੀਬ ਡੇਢ ਕਿਲੋਮੀਟਰ ਦੀ ਦੂਰੀ ਤੋਂ ਪਿੰਡ ਤਾਹਰਪੁਰ ਦੇ ਡਰੇਨ ਪੁਲ ਨੇੜਿਓਂ ਬੱਚੇ ਦੀ ਲਾਸ਼ ਬਰਾਮਦ ਕਰ ਲਈ ਗਈ। ਬੱਚੇ ਦੇ ਮ੍ਰਿਤਕ ਸਰੀਰ ਨੂੰ ਪਹਿਲਾਂ ਮਾਤਾ-ਪਿਤਾ ਦੇ ਹਵਾਲੇ ਕੀਤਾ ਗਿਆ। ਬਾਅਦ ਵਿੱਚ ਪਰਿਵਾਰ ਦੀ ਸਹਿਮਤੀ ਨਾਲ ਲਾਸ਼ ਨੂੰ ਪੁਲਸ ਪ੍ਰਸ਼ਾਸਨ ਵੱਲੋਂ ਕਬਜ਼ੇ ਵਿੱਚ ਲੈ ਕੇ ਪੋਸਟਮਾਰਟ ਲਈ ਅੰਮ੍ਰਿਤਸਰ ਵਿਖੇ ਭੇਜ ਦਿੱਤਾ ਗਿਆ ਹੈ! ਮੌਕੇ 'ਤੇ ਪਹੁੰਚੇ ਆਮ ਆਦਮੀ ਪਾਰਟੀ ਦੇ ਹਲਕਾ ਮਜੀਠਾ ਦੇ ਇੰਚਾਰਜ ਸੁਖਜਿੰਦਰਰਾਜ ਸਿੰਘ ਲਾਲੀ ਮਜੀਠੀਆ ਦੀ ਪਤਨੀ ਡਾ. ਸਤਿੰਦਰ ਕੌਰ ਗਿੱਲ ਨੇ ਇਸ ਮੰਦਭਾਗੀ ਘਟਨਾ 'ਤੇ ਪਰਿਵਾਰ ਨਾਲ ਅਫਸੋਸ ਜ਼ਾਹਰ ਕੀਤਾ ਅਤੇ ਡਿਪਟੀ ਕਮਿਸਨਰ ਅੰਮ੍ਰਿਤਸਰ ਨਾਲ ਫੋਨ 'ਤੇ ਰਾਬਤਾ ਕਰਕੇ ਪੀੜਤ ਪਰਿਵਾਰ ਨੂੰ ਮੁਆਵਜ਼ਾ ਦੇਣ ਦੀ ਵੀ ਗੱਲ ਆਖੀ। ਘਟਨਾ ਸਥਾਨ 'ਤੇ ਤਹਿਸੀਲਦਾਰ ਸੁਖਦੇਵ ਕੁਮਾਰ ਬੰਗੜ, ਤਹਿਸੀਲਦਾਰ ਅਕਵਿੰਦਰ ਕੌਰ, ਡੀਐਸਪੀ ਮਨਮੋਹਨ ਸਿੰਘ ਔਲਖ ਮਜੀਠਾ, ਐਸਐਚਓ ਗਗਨਦੀਪ ਸਿੰਘ ਮੱਤੇਵਾਲ ਆਦਿ ਹਾਜ਼ਰ ਸਨ।

ਮਨੀਪੁਰ 'ਚ ਔਰਤਾਂ ਨਾਲ ਕੀਤਾ ਦੁਰਵਿਵਹਾਰ ਅਤੀ ਸ਼ਰਮਨਾਕ: ਰਜਿੰਦਰਪਾਲ ਕੌਰ, ਸੀਮਾ ਸੋਹਲ

ਸਰਾਏ ਅਮਾਨਤ ਖਾਂ (ਮੱਖਣ ਮਨੋਜ)– ਪੰਜਾਬ ਇਸਤਰੀ ਸਭਾ ਤਰਨਤਾਰਨ ਦੀ ਪ੍ਰਧਾਨ ਸੀਮਾ ਸੋਹਲ ਅਤੇ ਸੂਬਾ ਜਨਰਲ ਸਕੱਤਰ ਰਜਿੰਦਰਪਾਲ ਕੌਰ ਨੇ ਮਨੀਪੁਰ ਵਿੱਚ ਲਗਭਗ ਤਿੰਨ ਮਹੀਨਿਆਂ ਤੋਂ ਚੱਲ ਰਹੀ ਹਿੰਸਾ ਤੇ ਡੂੰਘਾ ਦੁੱਖ ਪ੍ਰਗਟ ਕੀਤਾ। ਉਨ੍ਹਾਂ ਕਿਹਾ ਕਿ ਦੋ ਔਰਤਾਂ ਨੂੰ ਨਿਰਵਸਤਰ ਕਰਕੇ ਘੁੰਮਾਉਣਾ, ਛੇੜਛਾੜ ਅਤੇ ਬਲਾਤਕਾਰ ਕਰਨ ਦੀਆਂ ਵੀਡੀਓ ਵਾਇਰਲ ਹੋ ਰਹੀਆਂ ਹਨ ਜੋ ਕਿ ਲੋਕਤੰਤਰ ਦੇ ਮੂੰਹ 'ਤੇ ਤਮਾਚਾ ਹੈ।

ਵੀਡੀਓ ਵਿਚ ਪੁਲਸ ਖੜੀ ਤਮਾਸ਼ਾ ਵੇਖ ਰਹੀ ਹੈ ਅਤੇ ਮੈਤੇਈ ਕਬੀਲੇ ਦੀ ਭੀੜ ਔਰਤਾਂ ਦੀ ਬੇਹੁਰਮਤੀ ਕਰ ਰਹੀ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਪੁਲਸ ਹੀ ਕੁੱਕੀ ਕਬੀਲੇ ਦੀਆਂ ਔਰਤਾਂ ਨੂੰ ਚੁੱਕ ਲਿਆਉਂਦੀ ਹੈ ਅਤੇ ਦੇ ਹਵਾਲੇ ਕਰ ਦਿੰਦੀ ਹੈ। ਇਹ ਘਟਨਾ ਚਾਰ ਮਈ ਨੂੰ ਹੋਈ ਸੀ ਅਤੇ ਵੀਡੀਓ 19 ਜੁਲਾਈ ਨੂੰ ਵਾਇਰਲ ਹੋਈ। ਮਨੀਪੁਰ ਦੇ ਮੁੱਖ ਮੰਤਰੀ ਨੇ ਸ਼ਰਮਿੰਦਗੀ ਮਹਿਸੂਸ ਕਰਨ ਦੀ ਥਾਂ ਕਿਹਾ ਕਿ ਇਹੋ ਜਿਹੀਆਂ ਸੈਂਕੜੇ ਘਟਨਾਵਾਂ ਹੁੰਦੀਆਂ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੁਪਰੀਮ ਕੋਰਟ ਦੀ ਝਾੜ ਤੋਂ ਬਾਅਦ ਜਬਾਨ ਖੋਲੀ ਹੈ ਅਤੇ ਰਾਜਸਥਾਨ ਅਤੇ ਛੱਤੀਸਗੜ੍ਹ ਨਾਲ ਜੋੜ ਕੇ ਮਨੀਪੁਰ ਦੀ ਘਟਨਾ ਨੂੰ ਘਟਾ ਕੇ ਪੇਸ਼ ਕਰਨ ਦਾ ਯਤਨ ਕੀਤਾ ਹੈ। ਪੰਜਾਬ ਇਸਤਰੀ ਸਭਾ ਤਰਨਤਾਰਨ ਬਲਾਕ ਝਬਾਲ ਵਿੱਚ ਰੋਸ ਮੁਜ਼ਾਹਰਾ ਕਰੇਗੀ ਜਿਸਦੀ ਅਗਵਾਈ ਬਲਾਕ ਸਕੱਤਰ ਕੰਵਲਜੀਤ ਕੌਰ, ਪ੍ਰਧਾਨ ਸਲਵਿੰਦਰ ਕੌਰ, ਜਿਲਾ ਮੀਤ ਪ੍ਰਧਾਨ ਬਲਵਿੰਦਰ ਕੌਰ ਕਰਨਗੇ।

ਸਾਵਣ ਮਹੀਨੇ ਨੂੰ ਸਮਰਪਿਤ ਪੰਜਾਬੀ ਸਾਹਿਤ ਸਭਾ ਦੀ ਬੈਠਕ

ਪ੍ਰੋ. ਕਿਰਪਾਲ ਸਿੰਘ ਯੋਗੀ ਯਾਦਗਾਰੀ ਸਮਾਗਮ ਦੀ ਰੂਪ-ਰੇਖਾ ਉਲੀਕੀ

ਗੁਰਦਾਸਪੁਰ, (ਜਨਕ ਮਹਾਜਨ)–ਪੰਜਾਬੀ ਸਾਹਿਤ ਸਭਾ, ਗੁਰਦਾਸਪੁਰ ਦੀ ਮਹੀਨਾਵਾਰ ਬੈਠਕ ਸਾਵਣ ਮਹੀਨੇ ਨੂੰ ਸਮਰਪਿਤ ਰਹੀ। ਸਭਾ ਦੇ ਪ੍ਰਧਾਨ ਤਰਸੇਮ ਸਿੰਘ ਭੰਗੂ ਦੇ ਗ੍ਰਹਿ ਵਿੱਚ ਹੋਈ ਇਸ ਬੈਠਕ ਵਿੱਚ ਅਗਸਤ ਵਿਚ ਆ ਰਹੇ ਸਵਰਗੀ ਪ੍ਰੋਫੈਸਰ ਕਿਰਪਾਲ ਸਿੰਘ ਯੋਗੀ ਯਾਦਗਾਰੀ ਸਮਾਗਮ ਦੀ ਰੂਪ-ਰੇਖਾ ਉਲੀਕੀ ਗਈ। ਰਚਨਾਵਾਂ ਦੇ ਦੌਰ ਦੀ ਸ਼ੁਰੂਆਤ ਪ੍ਰੀਤ ਰਾਣਾ ਨੇ ਸਾਵਣ ਨਾਲ ਸਬੰਧਿਤ ਗੀਤ ਨਾਲ ਕੀਤੀ। ਹਰਪਾਲ ਬੈਂਸ ਨੇ 'ਕੋਈ ਨਾ ਸੁਣਦਾ ਪੁਕਾਰ ਮੇਰੇ ਦਿਲ ਦੀ', ਹਰਪ੍ਰੀਤ ਸਿੰਮੀ, ਰਣਬੀਰ ਆਕਾਸ਼ ਅਤੇ ਕੇ ਪੀ ਸਿੰਘ ਨੇ ਗ਼ਜ਼ਲ ਪੜ੍ਹੀ। ਗੀਤਕਾਰ ਬਲਦੇਵ ਸਿੱਧੂ ਨੇ ਸਾਵਣ ਦਾ ਗੀਤ ਪੇਸ਼ ਕੀਤਾ। ਪ੍ਰਤਾਪ ਪਾਰਸ ਨੇ ਚੰਡੀਗੜ੍ਹ ਤੋਂ ਲਾਈਵ ਗੀਤ ਗਾ ਕੇ ਆਪਣੀ ਹਾਜ਼ਰੀ ਲਵਾਈ। ਸੁਨੀਲ ਕੁਮਾਰ ਨੇ ਗ਼ਜ਼ਲ 'ਤੂੰ ਲੋਕਾਂ ਦੀ ਪੀੜ ਹੰਢਾਈ ਲਗਦੀ' ਅਤੇ ਐਨ. ਕੇ. ਸੋਈ ਨੇ ਕਵਿਤਾ ਪੇਸ਼ ਕੀਤੀ। ਤਰਸੇਮ ਸਿੰਘ ਭੰਗੂ ਨੇ 'ਲਾਹੇਵੰਦ ਧੰਦਾ ਹੈ ਸਿਆਸਤ' ਵਿਅੰਗ ਅਤੇ ਰਜਨੀਸ਼ ਵਿਸ਼ਿਸ਼ਟ ਨੇ 'ਨਜ਼ਾਰਾ 'ਕਹਾਣੀ ਪੜ੍ਹੀ। ਜਨਰਲ ਸਕੱਤਰ ਸੁਭਾਸ਼ ਦੀਵਾਨਾ ਨੇ ਸਭਾ ਦੀ ਕਾਰਵਾਈ ਚਲਾਉਂਦਿਆਂ 'ਵਾ ਦੇ ਸੰਗ ਅਠਖੇਲੀਆਂ ਕਰਦੇ, ਕੀ ਕੀ ਸ਼ਕਲ ਬਣਾਉਂਦੇ ਬੱਦਲ' ਪੇਸ਼ ਕਰਕੇ ਇਸ ਸਾਹਿਤਕ ਬੈਠਕ ਨੂੰ ਸਿਖਰਾਂ ਤੇ ਪਹੁੰਚਾਅ ਦਿੱਤਾ।

ਅਖੀਰ ਵਿਚ ਸਭਾ ਦੇ ਪ੍ਰਧਾਨ ਤਰਸੇਮ ਸਿੰਘ ਭੰਗੂ ਨੇ ਸਫਲਤਾਪੂਰਵਕ ਬੈਠਕ 'ਤੇ ਸੰਤੁਸ਼ਟੀ ਪ੍ਰਗਟ ਕਰਦਿਆਂ ਆਏ ਸਾਹਿਤਕਾਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਜਿੰਦਰ ਮੋਹਨ ਸ਼ਰਮਾ, ਬਲਜਿੰਦਰ ਸਿੰਘ, ਸੱਬ ਇੰਸਪੈਕਟਰ ਅਮਨਦੀਪ ਕੌਰ, ਪਲਵਿੰਦਰਜੀਤ ਕੌਰ, ਸਨੇਹਦੀਪ ਕੌਰ ਆਦਿ ਵੀ ਹਾਜ਼ਰ ਸਨ।

ਕਿਸਾਨ ਤਰਸੇਮ ਸਿੰਘ ਨੇ 'ਮਿਹਨਤ ਅੱਗੇ ਲੱਛਮੀ, ਪੱਖੇ ਅੱਗੇ ਪੌਣ' ਕਹਾਵਤ ਨੂੰ ਸੱਚ ਕਰ ਦਿਖਾਇਆ

ਧਾਰੀਵਾਲ (ਮਨਦੀਪ ਸਿੰਘ ਵਿੱਕੀ)–'ਮਿਹਨਤ ਅੱਗੇ ਲੱਛਮੀ, ਪੱਖੇ ਅੱਗੇ ਪੌਣ' ਦੀ ਕਹਾਵਤ ਨੂੰ ਪਿੰਡ ਕਾਹਲਵਾਂ ਦੇ ਕਿਸਾਨ ਨੇ ਆਪਣੀ ਮਿਹਨਤ ਨਾਲ ਸੱਚ ਕਰ ਦਿਖਾਇਆ ਹੈ। ਕਾਦੀਆਂ ਨੇੜਲੇ ਪਿੰਡ ਕਾਹਲਵਾਂ ਦੇ ਕਿਸਾਨ ਤਰਸੇਮ ਸਿੰਘ ਕੋਲ ਭਾਵੇਂ ਖੇਤੀ ਲਈ 14 ਕਨਾਲ ਦੀ ਵਾਹੀ ਹੈ ਪਰ ਉਹ ਸਬਜ਼ੀਆਂ ਦੀ ਕਾਸ਼ਤ ਅਤੇ ਬਾਗਬਾਨੀ ਜ਼ਰੀਏ ਇਸਤੋਂ ਚੋਖੀ ਕਮਾਈ ਕਰ ਰਿਹਾ ਹੈ। ਕਿਸਾਨ ਤਰਸੇਮ ਸਿੰਘ ਪਿਛਲੇ ਕਰੀਬ 13 ਸਾਲ ਤੋਂ ਸਬਜ਼ੀਆਂ ਅਤੇ ਫ਼ਲਾਂ ਦੀ ਸਫਲ ਕਾਸ਼ਤ ਕਰ ਰਿਹਾ ਹੈ। ਉਹ ਆਪਣੇ ਖੇਤਾਂ ਵਿੱਚ ਹਰ ਸਾਲ ਮੌਸਮੀ ਸਬਜ਼ੀਆਂ ਦੀ ਕਾਸ਼ਤ ਕਰਦਾ ਹੈ ਜਿਸ ਵਿੱਚ ਉਹ ਮੁੱਖ ਤੌਰ 'ਤੇ ਤੋਰੀ, ਭਿੰਡੀ, ਸਾਗ, ਧਨੀਆ, ਪਾਲਕ, ਆਲੂ ਆਦਿ ਨੂੰ ਉਗਾਉਂਦਾ ਹੈ। ਤਰਸੇਮ ਸਿੰਘ ਆਪਣੀਆਂ ਸਬਜ਼ੀਆਂ ਦੀ ਕਾਸ਼ਤ ਨੂੰ ਕੋਈ ਕੀਟ-ਨਾਸ਼ਕ ਰਸਾਇਣ ਨਹੀਂ ਪਾਉਂਦਾ ਸਗੋਂ ਉਹ ਦੇਸੀ ਰੂੜੀ ਅਤੇ ਗੰਡੋਇਆਂ ਦੀ ਖਾਦ ਦੀ ਵਰਤੋਂ ਹੀ ਕਰਦਾ ਹੈ। ਉਹ ਖੇਤਾਂ ਵਿੱਚ ਸਾਰਾ ਕੰਮ ਆਪਣੇ ਹੱਥੀਂ ਖੁਦ ਕਰਦਾ ਹੈ ਜਿਸ ਨਾਲ ਉਸਦੀ ਖੇਤੀ ਲਾਗਤ ਵੀ ਘੱਟ ਜਾਂਦੀ ਹੈ।

ਕਿਸਾਨ ਤਰਸੇਮ ਸਿੰਘ ਸਬਜ਼ੀਆਂ ਦੀ ਕਾਸ਼ਤ ਤੋਂ ਇਲਾਵਾ ਬਾਗਬਾਨੀ ਵੀ ਕਰਦਾ ਹੈ। ਉਸਨੇ ਆਪਣੇ ਖੇਤਾਂ ਵਿੱਚ ਅੰਬ, ਲੀਚੀ, ਆਲੂ-ਬੁਖਾਰਾ ਅਤੇ ਨਿੰਬੂ ਦੇ ਬੂਟੇ ਲਗਾਏ ਹੋਏ ਹਨ ਜਿਨ੍ਹਾਂ ਤੋਂ ਹਰ ਸਾਲ ਉਸਨੂੰ ਮੌਸਮੀ ਫ਼ਲ ਪ੍ਰਾਪਤ ਹੋ ਜਾਂਦੇ ਹਨ। ਇਹ ਫ਼ਲ ਉਸਦੀ ਆਮਦਨ ਵਿੱਚ ਹੋਰ ਵੀ ਵਾਧਾ ਕਰਦੇ ਹਨ। ਕਿਸਾਨ ਤਰਸੇਮ ਸਿੰਘ ਦੀ ਏਨੀ ਥੋੜੀ ਖੇਤੀ ਵਿਚੋਂ ਵੀ ਸਫਲਤਾ ਦਾ ਮੁੱਖ ਕਾਰਨ ਉਸ ਵੱਲੋਂ ਖੁਦ ਹੱਥੀਂ ਕੰਮ ਕਰਨਾ ਹੈ ਅਤੇ ਆਪਣੀ ਉਪਜ ਦਾ ਖੁਦ ਮੰਡੀਕਰਨ ਕਰਨਾ ਹੈ। ਉਹ ਆਪਣੀਆਂ ਸਬਜ਼ੀਆਂ ਅਤੇ ਫ਼ਲਾਂ ਨੂੰ ਖੁਦ ਕਾਦੀਆਂ ਸ਼ਹਿਰ ਵਿੱਚ ਜਾ ਕੇ ਵੇਚਦਾ ਹੈ। ਤਰਸੇਮ ਸਿੰਘ ਦੱਸਦਾ ਹੈ ਕਿ ਇਸ ਸਾਲ ਜਦੋਂ ਮੰਡੀ ਵਿੱਚ ਆਲੂ ਦਾ ਰੇਟ 4-5 ਰੁਪਏ ਮਿਲ ਰਿਹਾ ਸੀ ਤਾਂ ਉਸ ਵੱਲੋਂ ਸਿੱਧੀ ਗ੍ਰਾਹਕਾਂ ਤੱਕ ਮਾਰਕੀਟਿੰਗ ਕਰਦੇ ਹੋਏ ਆਲੂਆਂ ਦਾ ਭਾਅ 10-12 ਰੁਪਏ ਪ੍ਰਤੀ ਕਿਲੋ ਵੱਟਿਆ ਗਿਆ। ਉਸਨੇ ਕਿਹਾ ਕਿ ਹੁਣ ਉਸਦੀ ਮਾਰਕੀਟ ਬਣ ਗਈ ਹੈ ਅਤੇ ਉਸਦੀਆਂ ਸਬਜ਼ੀਆਂ ਅਤੇ ਫਲਾਂ ਦੀ ਕੁਆਲਿਟੀ ਵਧੀਆ ਹੋਣ ਕਾਰਨ ਗਾਹਕ ਵੀ ਬਜ਼ਾਰੀ ਕੀਮਤ ਨਾਲੋਂ ਵੱਧ ਕੀਮਤ ਭਰਦੇ ਹਨ। ਇਸਤੋਂ ਇਲਾਵਾ ਤਰਸੇਮ ਸਿੰਘ ਆਪਣੀਆਂ ਜਿਨਸਾਂ ਖੇਤ ਤੋਂ ਕਿਸਾਨ ਸਿਖਲਾਈ ਕੈਂਪਾਂ, ਕਿਸਾਨ ਮੇਲਿਆਂ ਅਤੇ ਹੋਰ ਪ੍ਰੋਗਰਾਮਾਂ ਦੌਰਾਨ ਵੀ ਵੇਚਦੇ ਹਨ।

ਕਿਸਾਨ ਤਰਸੇਮ ਸਿੰਘ ਦਾ ਕਹਿਣਾ ਹੈ ਕਿ ਹੱਥੀਂ ਮਿਹਨਤ ਕਰਕੇ ਸਾਫ਼-ਸੁਥਰੀ ਪੈਦਾਵਾਰ ਕਰਨ ਦੀ ਲੋੜ ਹੈ ਅਤੇ ਜਦੋਂ ਤੁਸੀਂ ਗਾਹਕ ਸਾਹਮਣੇ ਆਪਣੀ ਮਿਆਰੀ ਉਪਜ ਪੇਸ਼ ਕਰੋਗੇ ਤਾਂ ਉਸ ਤੋਂ ਬਾਅਦ ਗਾਹਕ ਖੁਦ ਹੀ ਤੁਹਾਡੇ ਤੱਕ ਪਹੁੰਚ ਕਰ ਲੈਂਦੇ ਹਨ। ਕਿਸਾਨ ਤਰਸੇਮ ਸਿੰਘ ਨੇ ਛੋਟੇ ਕਿਸਾਨਾਂ ਨੂੰ ਕਿਹਾ ਹੈ ਕਿ ਸਬਜ਼ੀਆਂ ਅਤੇ ਫ਼ਲਾਂ ਦੀ ਪੈਦਾਵਾਰ ਬੇਹਤਰ ਵਿਕਲਪ ਹੈ ਅਤੇ ਛੋਟੇ ਕਿਸਾਨਾਂ ਨੂੰ ਥੋੜੀ ਜ਼ਮੀਨ ਵਿੱਚੋਂ ਵੱਧ ਆਮਦਨ ਪ੍ਰਾਪਤ ਕਰਨ ਲਈ ਸਬਜ਼ੀਆਂ ਅਤੇ ਬਾਗਬਾਨੀ ਨੂੰ ਅਪਨਾਉਣਾ ਚਾਹੀਦਾ ਹੈ। ਕਿਸਾਨ ਤਰਸੇਮ ਛੋਟੇ ਕਿਸਾਨਾਂ ਲਈ ਕਾਮਯਾਬੀ ਦੀ ਇੱਕ ਵਧੀਆ ਉਦਾਹਰਨ ਹੈ।

ਸੁਬੇਗ ਸਿੰਘ ਧੁੰਨ ਕਾਂਗਰਸ ਦੇ ਜ਼ਿਲ੍ਹਾ ਮੀਤ ਪ੍ਰਧਾਨ ਨਿਯੁਕਤ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)–ਮਾਰਕੀਟ ਕਮੇਟੀ ਤਰਨਤਾਰਨ ਦੇ ਸਾਬਕਾ ਚੇਅਰਮੈਨ ਅਤੇ ਟਕਸਾਲੀ ਸੀਨੀਅਰ ਕਾਂਗਰਸੀ ਆਗੂ ਸੁਬੇਗ ਸਿੰਘ ਧੁੰਨ

24-July-Page-12.qxd 7/23/2023 10:38 PM Page 1

ਸਰਕਾਰ ਵਾਅਦੇ ਪੂਰੇ ਕਰਕੇ ਹਰ ਵਰਗ ਨੂੰ ਦੇ ਰਹੀ ਵੱਡੀ ਰਾਹਤ : ਹਰਜੋਤ ਬੈਂਸ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ) ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਉਚੇਰੀ ਸਿੱਖਿਆ ਪੰਜਾਬ ਨੇ ਕਿਹਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਹਰ ਵਰਗ ਨੂੰ ਵੱਡੀ ਰਾਹਤ ਦਿੰਦੇ ਹੋਏ ਆਪਣੇ ਵਾਅਦੇ ਤੇ ਗੰਟੀਆਂ ਪੂਰੀਆਂ ਕੀਤੀਆਂ ਜਾ ਰਹੀਆਂ ਹਨ। ਆਮ ਲੋਕਾਂ ਦੀਆਂ ਮੁਸ਼ਕਿਲਾਂ/ ਸਮੱਸਿਆਵਾਂ ਹੱਲ ਕਰਨਾ ਸਰਕਾਰ ਦਾ ਫਰਜ ਹੈ ਅਤੇ ਅਸੀਂ ਆਪਣੀ ਜਿੰਮੇਵਾਰੀ ਅਤੇ ਫਰਜ ਪੂਰੀ ਇਮਾਨਦਾਰੀ ਨਾਲ ਨਿਭਾ ਰਹੇ ਹਾਂ। ਹਲਕੇ ਦੇ ਪਿੰਡ ਗੰਭੀਰਪੁਰ 'ਚ ਹਰ ਐਤਵਾਰ ਸਵੇਰੇ 8 ਵਜੇ ਤੋਂ 11 ਵਜੇ ਤੱਕ ਲੋਕਾਂ ਦੀਆਂ ਮੁਸ਼ਕਲਾਂ/ ਸਮੱਸਿਆਵਾਂ ਨੂੰ ਨੇੜੇ ਹੋ ਕੇ ਜਾਨਣ ਉਪਰੰਤ ਉਹਨਾਂ ਦਾ ਮੌਕੇ 'ਤੇ ਜਾਂ ਸਮਾਬੱਧ ਹੱਲ ਕਰਨ ਲਈ ਉਲੀਕੇ ਵਿਸ਼ੇਸ਼ ਪ੍ਰੋਗਰਾਮ ਮੌਕੇ ਕੈਬਨਿਟ ਮੰਤਰੀ ਹਰਜੋਤ ਬੈਂਸ ਅਧਿਕਾਰੀਆਂ ਨਾਲ ਲੋਕਾਂ ਨੂੰ ਰਾਹਤ ਦੇਣ ਵਾਲੀਆਂ ਪੰਜਾਬ ਸਰਕਾਰ ਦੀਆਂ ਸਕੀਮਾਂ ਦੀ ਸਮੀਖਿਆ ਵੀ ਕਰਦੇ ਹਨ। ਹਰਜੋਤ ਬੈਸ ਨੇ ਦੱਸਿਆ ਕਿ ਸਰਕਾਰ ਵਾਅਦੇ ਅਤੇ ਗੰਟੀਆਂ ਪੂਰੀਆਂ ਕਰਕੇ ਜਿੱਥੇ ਹਰ ਵਰਗ ਤੱਕ ਰਾਹਤ ਪਹੁੰਚਾ ਰਹੀ ਹੈ ਉੱਥੇ ਸ਼ਹਿਰਾਂ ਅਤੇ ਪਿੰਡਾਂ 'ਚ ਆਮ ਲੋਕਾਂ ਦੀਆਂ ਦਰਪੇਸ਼ ਮੁਸ਼ਕਲਾਂ ਦਾ ਹੱਲ ਕਰਨਾ ਵੀ ਸਾਡੀ ਜਿੰਮੇਵਾਰੀ ਹੈ। ਸ੍ਰੀ ਅਨੰਦਪੁਰ ਸਾਹਿਬ ਦੇ ਪਿੰਡ ਗੰਭੀਰਪੁਰ 'ਚ ਪਹੁੰਚੇ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਦੇ ਹੋਏ ਕੈਬਨਿਟ ਮੰਤਰੀ ਹਰਜੋਤ ਬੈਂਸ ਨੇ ਦੱਸਿਆ ਕਿ ਸ੍ਰੀ ਅਨੰਦਪੁਰ ਸਾਹਿਬ ਹਲਕੇ ਦੇ ਪਿੰਡਾਂ ਵਿੱਚ ਵਿਕਾਸ ਦੇ ਕੰਮ ਚੱਲ ਰਹੇ ਹਨ। ਭਾਰੀ ਬਰਸਾਤ ਕਾਰਨ ਬਣੇ ਹੜ੍ਹਾਂ ਵਰਗੇ ਹਾਲਾਤ ਨਾਲ ਨਜਿੱਠਣ ਲਈ ਪ੍ਰਸ਼ਾਸ਼ਨ ਅਤੇ ਵੱਖ-ਵੱਖ ਵਿਭਾਗਾਂ ਵੱਲੋਂ ਦਿਨ-ਰਾਤ ਯਤਨ ਕਰਕੇ ਆਮ ਜਨ-ਜੀਵਨ ਨੂੰ ਲੀਹ 'ਤੇ ਲਿਆਂਦਾ ਜਾ ਰਿਹਾ ਹੈ। ਲੋਕਾਂ ਨੂੰ ਮਿਲ ਰਹੀ ਜੀਰੋ ਬਿਜਲੀ ਬਿੱਲ ਦੀ ਸਹੂਲਤ ਬਾਰੇ ਕੈਬਨਿਟ ਮੰਤਰੀ ਨੇ ਦੱਸਿਆ ਕਿ ਹੁਣ ਲੋਕਾਂ ਨੂੰ ਭਾਰੀ ਬਿਜਲੀ ਬਿੱਲਾਂ ਤੋਂ ਰਾਹਤ ਮਿਲੀ ਹੈ। ਜਿਹੜੇ ਮਸਲੇ ਹੁਣ ਲੋਕ ਸਾਡੇ ਧਿਆਨ 'ਚ ਲੈ ਕੇ ਆ ਰਹੇ ਹਨ, ਉਹ ਜਲਦੀ ਹੱਲ ਕੀਤੇ ਜਾ ਰਹੇ ਹਨ। ਉਨ੍ਹਾਂ ਨੇ ਦੱਸਿਆ ਕਿ ਉਹ ਪ੍ਰਭਾਵਿਤ ਪਿੰਡਾਂ ਦਸਗਰਾਈ, ਭੰਗਲਾਂ, ਹਰਸਾਬੇਲਾ, ਸਹਿਜੋਵਾਲ, ਮਜਾਰੀ, ਭੱਲੜੀ, ਭਲਾਣ ਦਾ ਦੌਰਾ ਕਰਕੇ ਉਥੇ ਲੋਕਾਂ ਨੂੰ ਪੇਸ਼ ਮੁਸ਼ਕਲਾ ਨੂੰ ਨੇੜੇ ਹੋ ਕੇ ਜਾਨਣ ਦਾ ਯਤਨ ਕਰਨਗੇ। ਇਸ ਮੌਕੇ ਦੀਪਕ ਸੋਨੀ ਮੀਡੀਆ ਕੋਆਰਡੀਨੇਟਰ, ਰੋਹਿਤ ਕਾਲੀਆ ਪ੍ਰਧਾਨ ਟਰੱਕ ਯੂਨੀਅਨ ਨੰਗਲ, ਊਸ਼ਾ ਰਾਣੀ ਮਹਿੰਗਾ ਵਿੰਗ ਪ੍ਰਧਾਨ, ਐਡਵੋਕੇਟ ਨੀਰਜ਼ ਸ਼ਰਮਾ, ਜਸਵਿੰਦਰ ਬਾਂਠ, ਬਲਵਿੰਦਰ ਕੌਰ ਬੈਂਸ, ਜਸਵੀਰ ਰਾਣਾ, ਪੱਮੂ ਢਿੱਲੋ, ਅਮਰੀਕ ਗੱਗ, ਹਰਵਿੰਦਰ ਕੌਰ, ਅੰਕੁਸ਼ ਪਾਠਕ, ਨਿਤਿਨ ਆਦਿ ਹਾਜ਼ਰ ਸਨ।

ਸ੍ਰੀ ਅਮਰਨਾਥ ਯਾਤਰਾ ਤੋਂ ਵਾਪਸ ਪਰਤੇ ਸ਼ਿਵ ਭਗਤਾਂ ਨੇ ਹਵਨ ਕਰਵਾਇਆ

ਲੋਹੀਆਂ ਖਾਸ, (ਯੋਗੇਸ਼ਵਰ, ਰੀਨਾ ਸਰਮਾ) : ਬ੍ਰਹਮਲੀਨ ਮਹੰਤ ਸ਼ਾਂਤੀ ਗਿਰੀ ਮਹਾਰਾਜ ਅਤੇ ਬ੍ਰਹਮਲੀਨ ਮਹੰਤ ਰਵਿੰਦਰਾ ਗਿਰੀ ਮਹਾਰਾਜ ਦੀ ਅਪਾਰ ਕਿਰਪਾ ਦੇ ਨਾਲ ਅਤੇ ਮਹੰਤ ਸ੍ਰੀ ਸ਼ਿਪਰਾ ਗਿਰੀ ਮਹਾਰਾਜ ਦੇ ਆਸ਼ੀਰਵਾਦ ਨਾਲ ਪਿਛਲੇ ਦਿਨੀਂ ਮਹਾਂਦੇਵ ਸੇਵਾ ਦਲ ਵੱਲੋਂ 27ਵੀਂ ਸ੍ਰੀ ਅਮਰਨਾਥ ਯਾਤਰਾ ਰਵਾਨਾ ਹੋਈ ਸੀ। ਯਾਤਰਾ ਬਹੁਤ ਵਧੀਆ ਰਹੀ। ਭੋਲੇ ਨਾਥ ਦੀ ਕਿਰਪਾ ਨਾਲ ਸਾਰੇ ਯਾਤਰੀ ਜਿਵੇਂ ਹੱਸਦੇ ਖੇਡਦੇ ਯਾਤਰਾ ਕਰਨ ਗਏ ਸੀ ਉਸੇ ਤਰ੍ਹਾਂ ਸਾਰੇ ਯਾਤਰੀ ਸ੍ਰੀ ਅਮਰਨਾਥ ਦੇ ਦਰਸ਼ਨ ਕਰਨ ਉਪਰੰਤ ਵਾਪਸ ਆਪਣੇ ਘਰਾਂ ਦੇ ਵਿੱਚ ਪਰਤੇ। ਇਸ ਖੁਸ਼ੀ ਵਿੱਚ ਸ਼ਿਵ ਭਗਤਾਂ ਵੱਲੋਂ ਪ੍ਰਾਚੀਨ ਸ਼ਿਵ ਮੰਦਰ ਲੋਹੀਆਂ ਖਾਸ ਵਿੱਚ ਸ਼ੁਕਰਾਨੇ ਵਜੋਂ ਹਵਨ ਕਰਵਾਇਆ ਗਿਆ। ਭਾਰਤ ਸਰਕਾਰ ਤੇ ਖਾਸ ਕਰ ਭਾਰਤੀ ਸੈਨਾ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ ਤੇ ਇਸ ਵਾਰ ਸਾਰੇ ਇੰਤਜ਼ਾਮ ਬਹੁਤ ਹੀ ਵਧੀਆ ਸਨ। ਹਵਨ ਯੱਗ ਦੌਰਾਨ ਭੋਲੇ ਨਾਥ ਦੇ ਚਰਨਾਂ ਵਿੱਚ ਬੇਨਤੀ ਕੀਤੀ ਗਈ ਕਿ ਹਿੰਦੁਸਤਾਨ ਖਾਸ ਕਰਕੇ ਪੰਜਾਬ ਵਿੱਚ ਜੋ ਕੁਦਰਤ ਦੀ ਕਰੋਪੀ ਹੜ੍ਹਾਂ ਦੇ ਰੂਪ ਵਿੱਚ ਆਈ ਹੈ ਇਸ ਤੋਂ ਬਚਾਇਆ ਜਾਵੇ, ਸਾਰੇ ਪਰਵਾਰ ਆਪਣੇ ਘਰਾਂ ਦੇ ਵਿੱਚ ਹੱਸਦੇ ਵਸਦੇ ਰਹਿਣ ਅਤੇ ਹੜ੍ਹ ਦੀ ਮਾਰ ਤੋਂ ਹਰ ਪਰਵਾਰ ਨੂੰ ਬਚਾਇਆ ਜਾਵੇ। ਕਿਸੇ ਦਾ ਵੀ ਕੋਈ ਨੁਕਸਾਨ ਨਾ ਹੋਵੇ। ਇਹ ਹਵਨ ਯੱਗ ਪੰਡਤ ਵਿਸ਼ਨੂੰ ਦੁਆਰਾ ਵਿਧੀ ਵਿਧਾਨ ਮੁਤਾਬਕ ਕਰਵਾਇਆ ਗਿਆ। ਇਸ ਮੌਕੇ ਵਿਸ਼ਾਲ ਸੱਦੀ ਸ਼ਾਲੂ, ਵਿਨੋਦ ਕੁਮਾਰ ਬੱਬੂ, ਸੁਨੀਲ ਕੁਮਾਰ ਛਾਬੜਾ, ਆਰਜੂ, ਪਿਆਰੇ ਲਾਲ ਵਰਮਾ, ਅੰਕੁਸ਼ ਕੰਡਾ, ਮੁਨੀਸ਼ ਸ਼ਰਮਾ, ਸੋਨੂੰ ਸ਼ਰਮਾ, ਮੁਨਿਤ ਗਾਂਧੀ, ਗੌਰਵ ਸੱਦੀ, ਅਸ਼ਵਨੀ ਕੰਡਾ, ਲੱਖਣ ਵਰਮਾ, ਸਾਜਨ ਸੱਦੀ, ਰਾਹੁਲ ਸ਼ਰਮਾ ਤੇ ਹੋਰ ਸ਼ਿਵ ਭਗਤ ਹਾਜ਼ਰ ਸਨ।

ਜੀ ਆਰ ਡੀ ਨਰਸਿੰਗ ਕਾਲਜ 'ਚ ਤੀਆਂ ਦਾ ਤਿਉਹਾਰ ਮਨਾਇਆ

ਟਾਂਡਾ ਉੜਮੁੜ, (ਉਂਕਾਰ ਸਿੰਘ ਜਸਵਿੰਦਰ ਸੰਧੂ)- ਸ੍ਰੀ ਗੁਰੂ ਰਾਮਦਾਸ ਜੀ ਸੇਵਾ-ਸਿਮਰਨ ਸੁਸਾਇਟੀ ਵੱਲੋਂ ਚਲਾਏ ਜਾ ਰਹੇ ਜੀ.ਆਰ.ਡੀ ਇੰਸਟੀਚਿਊਟ ਆਫ ਨਰਸਿੰਗ ਕਾਲਜ ਟਾਂਡਾ ਦੀਆਂ ਵਿਦਿਆਰਥਣਾਂ ਵੱਲੋਂ ਸਾਉਣ ਮਹੀਨੇ ਦਾ ਪ੍ਰਮੁੱਖ ਤੀਆਂ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ। ਜੀ.ਆਰ.ਡੀ ਸਿੱਖਿਆ ਸੰਸਥਾਵਾਂ ਦੇ ਮੈਨੇਜਿੰਗ ਡਾਇਰੈਕਟਰ ਬਿਕਰਮ ਸਿੰਘ ਦੀ ਅਗਵਾਈ ਵਿੱਚ, ਮੈਨੇਜਰ ਸਰਬਜੀਤ ਸਿੰਘ ਸੋਮੀ ਤੇ ਪ੍ਰਿੰਸੀਪਲ ਰੇਨੂ ਬਾਲਾ ਦੀ ਦੇਖ-ਰੇਖ ਵਿੱਚ ਕਰਵਾਏ ਗਏ ਇਸ ਪ੍ਰੋਗਰਾਮ ਵਿੱਚ ਜੀ.ਆਰ.ਡੀ ਏ.ਐਨ.ਐਮ ਤੇ ਜੀ.ਐਨ ਐਮ ਦੀਆਂ ਵਿਦਿਆਰਥਣਾਂ ਨੇ ਭਾਗ ਲਿਆ। ਸੰਸਥਾ ਦੇ ਚੇਅਰਪਰਸਨ ਪ੍ਰਦੀਪ ਕੌਰ ਨੇ ਤੀਆਂ ਦੇ ਮੇਲੇ ਦਾ ਉਦਘਾਟਨ ਕੀਤਾ। ਇਸ ਮੌਕੇ ਕਾਲਜ ਦੀਆਂ ਵਿਦਿਆਰਥਣਾਂ ਨੇ ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦਾ ਸ਼ਾਨਦਾਰ ਰੰਗਾਰੰਗ ਪ੍ਰੋਗਰਾਮ ਪੇਸ਼ ਕਰਕੇ ਪੰਜਾਬੀ ਸੱਭਿਆਚਾਰ ਦੀ ਝਲਕ ਪੇਸ਼ ਕੀਤੀ। ਇਸ ਮੌਕੇ ਪ੍ਰਿੰਸੀਪਲ ਰੇਨੂ ਬਾਲਾ ਨੇ ਵਿਦਿਆਰਥਣਾਂ ਨੂੰ ਧੀਆਂ ਦੇ ਤਿਉਹਾਰ ਦੀ ਮਹੱਤਤਾ ਤੋਂ ਜਾਣੂ ਕਰਵਾਇਆ। ਮੁੱਖ ਮਹਿਮਾਨ ਵਜੋਂ ਪਹੁੰਚੇ ਚੇਅਰਪਰਸਨ ਪ੍ਰਦੀਪ ਕੌਰ ਨੇ ਸਮੂਹ ਸਟਾਫ ਮੈਂਬਰਾਂ, ਵਿਦਿਆਰਥਣਾਂ ਨੂੰ ਤੀਆਂ ਦੇ ਤਿਉਹਾਰ ਦੀ ਮੁਬਾਰਕਬਾਦ ਦਿੱਤੀ ਅਤੇ ਆਪਣੇ ਸੱਭਿਆਚਾਰ ਨਾਲ ਪਿਆਰ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਮਿਸ ਤੀਜ ਚੁਣੀ ਗਈ। ਵਿਦਿਆਰਥਣਾਂ ਨੂੰ ਸੰਸਥਾ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਦਲਜਿੰਦਰ ਕੌਰ, ਰੇਨੂੰ ਸ਼ਰਮਾ, ਮਨਦੀਪ ਕੌਰ, ਗਗਨਦੀਪ ਕੌਰ, ਮਨਪ੍ਰੀਤ ਕੌਰ, ਸਿਮਰਨ ਕੌਰ, ਅਮਨਦੀਪ ਕੌਰ, ਸਿਮਰਨ ਕੌਰ, ਮਨਦੀਪ ਕੌਰ, ਆਦਿ ਵੀ ਮੌਜੂਦ ਸਨ ।

'ਮੁੰਡਾ ਸਾਊਥਾਲ ਦਾ' ਦੀ ਸਟਾਰਕਾਸਟ ਪਹੁੰਚੀ ਸੀ ਟੀ ਗਰੁੱਪ ਆਫ ਇੰਸਟੀਚਿਊਸ਼ਨਜ਼

ਜਲੰਧਰ (ਸ਼ੈਲੀ ਐਲਬਰਟ)-ਆਉਣ ਵਾਲੀ ਪੰਜਾਬੀ ਫਿਲਮ 'ਮੁੰਡਾ ਸਾਊਥਾਲ ਦਾ' ਅਰਮਾਨ ਬੇਦਿਲ, ਤਨੂ ਗਰੇਵਾਲ ਅਤੇ ਸਟਾਰ ਕਾਸਟ ਨੇ ਫਿਲਮ ਦੇ ਪ੍ਰਚਾਰ ਲਈ ਸੀਟੀ ਗਰੁੱਪ ਆਫ ਇੰਸਟੀਚਿਊਸਨਜ਼ ਦਾ ਦੌਰਾ ਕੀਤਾ। ਸਿਤਾਰਿਆਂ ਨੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ। ਫਿਲਮ ਦਾ ਨਿਰਦੇਸ਼ਨ ਮਸ਼ਹੂਰ ਪੰਜਾਬੀ ਕਲਾਕਾਰ ਸੁੱਖ ਸੰਘੇੜਾ ਨੇ ਕੀਤਾ ਹੈ। ਸੀਟੀ ਗਰੁੱਪ ਦੇ ਵਾਈਸ ਚੇਅਰਮੈਨ ਹਰਪ੍ਰੀਤ ਸਿੰਘ ਅਤੇ ਸਟੂਡੈਂਟ ਵੈਲਫੇਅਰ ਡਵੀਜਨ ਦੇ ਡੀਨ ਡਾ. ਅਰਜਨ ਸਿੰਘ ਨੇ ਸਟਾਰ ਕਾਸਟ ਨੂੰ ਆਉਣ ਵਾਲੀ ਫਿਲਮ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਅਤੇ ਆਪਣੇ ਟੀਚਿਆਂ ਪ੍ਰਤੀ ਜਨੂੰਨ ਰੱਖਣ ਲਈ ਪ੍ਰੇਰਿਤ ਕੀਤਾ। ਫਿਲਮ ਦੀ ਮੁੱਖ ਅਦਾਕਾਰਾ ਤਨੂ ਨੇ ਕਿਹਾ ਕਿ ਇੱਥੇ ਆਉਣਾ ਅਤੇ ਵਿਦਿਆਰਥੀਆਂ ਨਾਲ ਗੱਲਬਾਤ ਕਰਨਾ ਇੱਕ ਸ਼ਾਨਦਾਰ ਅਨੁਭਵ ਸੀ ਅਤੇ ਉਮੀਦ ਹੈ ਕਿ ਉਨ੍ਹਾਂ ਨੇ ਇਸ ਪ੍ਰੋਗਰਾਮ ਦਾ ਆਨੰਦ ਮਾਣਿਆ। ਉਹਨਾਂ ਨੇ ਆਉਣ ਵਾਲੀ ਫਿਲਮ ਨੂੰ ਬਹੁਤ ਸਾਰਾ ਪਿਆਰ ਦੇਣ ਦੀ ਅਪੀਲ ਵੀ ਕੀਤੀ।

ਕੋਚਿੰਗ ਸੈਂਟਰਾਂ ਲਈ ਅਨੁਸੂਚਿਤ ਜਾਤੀ ਦੇ ਬੱਚਿਆਂ ਨੂੰ ਪਹਿਲ ਦੇਵੇ ਮਾਨ ਸਰਕਾਰ : ਭਾਰਤੀਆ ਵਾਲਮੀਕਿ ਸਭਾ

ਕਾਲਾ ਸੰਘਿਆਂ (ਮਨਜੀਤ ਮਾਨ) ਪੰਜਾਬ ਸਰਕਾਰ ਵੱਲੋਂ ਹਾਲ ਹੀ 'ਚ ਉੱਚ ਅਧਿਕਾਰੀਆਂ ਨਾਲ ਹੋਈ ਮੀਟਿੰਗ ਦੌਰਾਨ ਕੋਚਿੰਗ ਸੈਂਟਰ ਖੋਲ੍ਹਣ ਲਈ ਖਾਕਾ ਤਿਆਰ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ ਪੰਜਾਬ ਸਰਕਾਰ ਦੇ ਇਸ ਉਪਰਾਲੇ ਲਈ ਸਭਾ ਸ਼ੁਕਰਗੁਜ਼ਾਰ ਹੈ। ਇਸ ਦੇ ਨਾਲ ਹੀ ਪੰਜਾਬ ਸਰਕਾਰ ਨੂੰ ਇਹ ਅਪੀਲ ਕੀਤੀ ਜਾਂਦੀ ਹੈ ਕਿ ਵਿਦਿਆਰਥੀਆਂ ਦੀ ਚੋਣ ਕਰਦੇ ਸਮੇਂ ਸਮੂਹ ਵਰਗ ਨੂੰ ਉਚਿੱਤ ਨੁਮਾਇੰਦਗੀ ਦਿੱਤੀ ਜਾਵੇ। ਕੁੱਲ ਸੀਟਾਂ 'ਚੋਂ ਘੱਟੋ ਘੱਟ 50% ਪ੍ਰਤੀਸ਼ਤ ਅਨੁਸੂਚਿਤ ਜਾਤੀ, 12% ਪੱਛੜੀ ਸ਼੍ਰੇਣੀ ਅਤੇ 33% ਲੜਕੀਆਂ ਲਈ ਰਾਖਵੀਆਂ ਰੱਖੀਆਂ ਜਾਣ। ਉਹਨਾਂ ਪੰਜਾਬ ਸਰਕਾਰ ਨੂੰ ਇਹ ਵੀ ਅਪੀਲ ਕੀਤੀ ਕਿ ਖੋਲ੍ਹੇ ਜਾਣ ਵਾਲੇ 8 ਕੋਚਿੰਗ ਸੈਂਟਰਾਂ 'ਚੋਂ ਘੱਟੋ ਘੱਟ 3 ਕੋਚਿੰਗ ਸੈਂਟਰ ਦੋਆਬਾ ਖੇਤਰ 'ਚ ਖੋਲ੍ਹੇ ਜਾਣ ਕਿਉਂਕਿ ਬੱਚਿਆਂ ਦੀ ਸਬ ਤੋਂ ਜ਼ਿਆਦਾ ਮਾਈਗ੍ਰੇਸ਼ਨ ਦੋਆਬੇ ਏਰੀਏ 'ਚੋਂ ਹੁੰਦੀ ਹੈ। ਇਹ ਕੋਚਿੰਗ ਸੈਂਟਰ ਵੱਖ-ਵੱਖ ਜਿਲ੍ਹਿਆਂ 'ਚ ਬਣੇ ਡਾ. ਬੀ. ਆਰ. ਅੰਬੇਡਕਰ ਭਵਨਾਂ 'ਚ ਖੋਲ੍ਹੇ ਜਾਣ ਜੋ ਕਿ 90-95% ਵਸੋਂ ਦੀ ਨੁਮਾਇੰਦਗੀ ਕਰਦੇ ਹਨ। ਇਹ ਜਾਣਕਾਰੀ ਪ੍ਰੈਸ ਨਾਲ ਮਾਸਟਰ ਮਹਿੰਦਰਪਾਲ ਉੱਗੀ, ਜਨਰਲ ਸਕੱਤਰ, ਭਾਰਤੀਆ ਵਾਲਮੀਕਿ ਸਭਾ, ਪੰਜਾਬ ਨੇ ਸਾਂਝੀ ਕੀਤੀ।

ਮਨੀਪੁਰ ਦੀ ਘਟਨਾ ਮਨੁੱਖਤਾ ਨੂੰ ਸ਼ਰਮਸਾਰ ਕਰਨ ਵਾਲੀ : ਸੋਹਲ

ਮੋਗਾ, (ਨਵਾਂ ਜ਼ਮਾਨਾ ਸਰਵਿਸ)-"ਮਨੀਪੁਰ ਵਿੱਚ ਦੋ ਔਰਤਾਂ ਨੂੰ ਨਿਰਵਸਤਰ ਕਰ ਕੇ ਘੁਮਾਉਣ ਅਤੇ ਉਨ੍ਹਾਂ ਨਾਲ ਭੀੜ ਵੱਲੋਂ ਘਿਨਾਉਣੀਆਂ ਹਰਕਤਾਂ ਕਰਨ ਦੇ ਵਾਇਰਲ ਹੋਏ ਵੀਡੀਓ ਨੇ ਦੇਸ਼ ਦੇ ਲੋਕਾਂ ਦੀ ਆਤਮਾ ਨੂੰ ਬੁਰੀ ਤਰ੍ਹਾਂ ਝੰਜੋੜਿਆ ਹੈ। ਅਫਸੋਸ ਆਪਣੇ ਆਪ ਨੂੰ ਸੱਭਿਅਕ ਅਖਵਾਉਣ ਦੇ ਬਾਵਜੂਦ ਮਨੁੱਖ ਵਿਚ ਕਿੰਨੀ ਅਣਮਨੁੱਖਤਾ ਮੌਜੂਦ ਹੈ। ਇਸ ਘਟਨਾ ਨੇ ਮਨੁੱਖਤਾ ਨੂੰ ਸ਼ਰਮਸਾਰ ਕਰ ਦਿੱਤਾ ਹੈ" ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਇਸਤਰੀ ਸਭਾ ਦੀ ਸੀਨੀਅਰ ਸੂਬਾ ਸਹਾਇਕ ਸਕੱਤਰ ਨਰਿੰਦਰ ਸੋਹਲ ਨੇ ਕੀਤਾ। ਉਹਨਾਂ ਕਿਹਾ ਕਿ ਮਨੀਪੁਰ ਵਿਚ ਲੱਗਭੱਗ ਤਿੰਨ ਮਹੀਨਿਆਂ ਤੋਂ ਹਿੰਸਾ ਦਾ ਦੌਰ ਜਾਰੀ ਹੈ। ਔਰਤਾਂ ਨੂੰ ਨਿਰਵਸਤਰ ਕਰਕੇ ਘੁੰਮਾਉਣਾ, ਛੇੜਛਾੜ ਅਤੇ ਬਲਾਤਕਾਰ ਕਰਨ ਦੀਆਂ ਵੀਡੀਓ ਵਾਇਰਲ ਹੋ ਰਹੀਆਂ ਹਨ। ਇਹ ਵੀ ਸਾਹਮਣੇ ਆ ਰਿਹਾ ਹੈ ਕਿ ਪੁਲਸ ਹੀ ਕੁੱਕੀ ਕਬੀਲੇ ਦੀਆਂ ਔਰਤਾਂ ਨੂੰ ਚੁੱਕ ਕੇ ਲਿਆਉਂਦੀ ਹੈ ਅਤੇ ਭੀੜ ਹਵਾਲੇ ਕਰ ਦਿੰਦੀ ਹੈ। ਇਹ ਘਟਨਾ ਚਾਰ ਮਈ ਨੂੰ ਹੋਈ ਸੀ ਅਤੇ ਵੀਡੀਓ 19 ਜੁਲਾਈ ਨੂੰ ਵਾਇਰਲ ਹੋਈ। ਜਿਸ ਨੇ ਹਰ ਪਾਸੇ ਰੋਸ ਤੇ ਗੁੱਸਾ ਭਰ ਦਿੱਤਾ ਹੈ। ਮਨੀਪੁਰ ਦੇ ਮੁੱਖ ਮੰਤਰੀ ਨੇ ਸਰਮਿੰਦਗੀ ਮਹਿਸੂਸ ਕਰਨ ਦੀ ਥਾਂ ਕਿਹਾ ਕਿ ਇਹੋ ਜਿਹੀਆਂ ਸੈਂਕੜੇ ਘਟਨਾਵਾਂ ਹੁੰਦੀਆਂ ਹਨ। ਉਧਰ ਪ੍ਰਧਾਨ ਮੰਤਰੀ ਨੇ ਵੀ ਸੁਪਰੀਮ ਕੋਰਟ ਦੀ ਝਾੜ ਤੋਂ ਬਾਅਦ ਹੀ ਜਬਾਨ ਖੋਲ੍ਹੀ ਹੈ। ਉਹ ਵੀ ਦੇਸ਼ ਵਾਸੀਆਂ ਦੇ ਸਰਮਿੰਦਾ ਹੋਣ ਦੀ ਗੱਲ ਕਹੀ ਹੈ, ਆਪਣੇ ਬਾਰੇ ਨਹੀਂ ਦੱਸਿਆ ਕਿ ਉਹ ਵੀ ਸਰਮਿੰਦੇ ਹੋਏ ਨੇ ਜਾਂ ਨਹੀਂ। ਮਨੀਪੁਰ ਵਿੱਚ ਤਿੰਨ ਮਈ ਤੋਂ ਰੋਸ-ਮੁਜ਼ਾਹਰੇ ਦੌਰਾਨ ਮਕਾਨਾਂ, ਦੁਕਾਨਾਂ, ਵਾਹਨਾਂ ਆਦਿ ਨੂੰ ਅੱਗ ਲਾਉਣ, ਕੁੱਟ-ਮਾਰ ਕਰਨ, ਹਥਿਆਰ ਲੁੱਟਣ, ਇਕ-ਦੂਜੇ ਨੂੰ ਮਾਰਨ ਦੀਆਂ ਘਟਨਾਵਾਂ ਸ਼ੁਰੂ ਹੋਈਆਂ, ਜਿਸ ਵਿਚ 150 ਤੋਂ ਜ਼ਿਆਦਾ ਲੋਕ ਮਾਰੇ ਗਏ ਅਤੇ 200 ਤੋਂ ਜ਼ਿਆਦਾ ਜ਼ਖਮੀ ਹੋਏ ਹਨ। ਬੇਘਰ ਹੋਏ ਹਜ਼ਾਰਾਂ ਲੋਕ ਕੈਂਪਾਂ ਵਿਚ ਰਹਿ ਰਹੇ ਹਨ। ਪਰ ਪ੍ਰਧਾਨ ਮੰਤਰੀ ਨੇ ਚੁੱਪੀ ਧਾਰੀ ਰੱਖੀ। ਹੁਣ ਵਾਇਰਲ ਹੋਈ ਵੀਡੀਓ ਨੇ ਦੇਸ਼ ਵਿੱਚ ਤਰਥੱਲੀ ਮਚਾ ਦਿੱਤੀ ਹੈ। ਪੰਜਾਬ ਇਸਤਰੀ ਸਭਾ ਅਜਿਹੀ ਘਿਣੌਨੀ ਹਰਕਤ ਕਰਨ ਵਾਲਿਆਂ ਤੇ ਇਸਨੂੰ ਸਹਿ ਦੇਣ ਵਾਲਿਆਂ ਲਈ ਸਖਤ ਤੋਂ ਸਖਤ ਸਜ਼ਾ ਦੇਣ ਦੀ ਮੰਗ ਕਰਦੀ ਹੈ।

ਦੋ ਨੌਜਵਾਨਾਂ ਪਾਸੋਂ ਨਸ਼ੀਲਾ ਪਾਊਡਰ ਬਰਾਮਦ

ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)-ਸਥਾਨਕ ਪੁਲਸ ਨੇ ਦੋ ਮੋਟਰ ਸਾਈਕਲ ਸਵਾਰ ਨੌਜਵਾਨਾਂ ਤੋਂ 30 ਗ੍ਰਾਮ ਨਸ਼ੀਲਾ ਪਾਊਡਰ ਬਰਾਮਦ ਕਰਕੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ। ਇੰਸਪੈਕਟਰ ਗੁਰਜੀਤ ਸਿੰਘ ਨੇ ਦੱਸਿਆ ਕਿ ਡੱਲ